# **ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਪਰੰਪਰਾ: ਵਿਰਸਾ ਤੇ ਵਰਤਮਾਨ**

ਜਗਬੀਰ ਸਿੰਘ*

ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਪੰਜਾਬੀ ਬੰਦੇ ਦੇ ਸਿਰਜਣਾਤਮਕ ਵਿਹਾਰ ਦੀ ਪ੍ਰਤਿਨਿਧਤਾ ਕਰਨ ਵਾਲਾ ਬਹੁ-ਪੱਖੀ ਵਰਤਾਰਾ ਹੈ। ਸਦੀਆਂ ਦੇ ਵਿਸਤਾਰ ਵਿਚ ਫੈਲੇ ਹੋਏ ਇਸ ਵਰਤਾਰੇ ਦੀ ਮੁੱਢਲੀ ਪਹਿਚਾਣ ਪੰਜਾਬੀਅਤ ਦੇ ਹਵਾਲੇ ਨਾਲ ਹੁੰਦੀ ਹੈ। ਪੰਜਾਬੀਅਤ ਦਾ ਸੰਕਲਪ, ਮੂਲਰੂਪ ਵਿਚ, ਭਾਰਤੀ ਉਪ-ਮਹਾਂਦੀਪ ਦੇ ਉਸ ਭੂਗੋਲਿਕ ਖਿੱਤੇ ਦੀ ਸਭਿਆਚਾਰਕ ਵਿਰਾਸਤ ਦੇ ਹਵਾਲੇ ਨਾਲ ਪਰਿਭਾਸ਼ਿਤ ਹੁੰਦਾ ਹੈ ਜਿਸਨੂੰ ਪੰਜ ਦਰਿਆਵਾਂ ਦੀ ਧਰਤੀ ਜਾਂ ਪੰਜਾਬ (ਪੰਜ+ਆਬ) ਆਖਿਆ ਜਾਂਦਾ ਹੈ। ਪੁਰਾਤਨ ਕਾਲ ਵਿਚ ਇਸ ਖਿੱਤੇ ਨਾਲ ਸੰਬੰਧਿਤ ਕੁਝ ਹੋਰ ਨਾਮ ਵੀ ਪ੍ਰਚੱਲਤ ਰਹੇ ਹਨ, ਜਿਵੇਂ – ਸਪਤ-ਸਿੰਧੂ, ਪੰਚ-ਨਦ, ਪੰਚਾਲ, ਮੱਦਰ ਦੇਸ ਆਦਿ।

ਮਹੱਤਵਪੂਰਣ ਗੱਲ ਇਹ ਹੈ ਕਿ ਭਾਵੇਂ ਬਦਲਦੀਆਂ ਇਤਿਹਾਸਕ ਸਥਿਤੀਆਂ ਕਾਰਣ ਇਸ ਖਿੱਤੇ ਦੀਆਂ ਰਾਜਨੀਤਕ ਹੱਦ-ਬੰਦੀਆਂ ਬਣਦੀਆਂ ਬਦਲਦੀਆਂ ਰਹੀਆਂ ਹਨ ਪਰ ਪੰਜਾਬੀਆਂ ਦੀ ਸਭਿਆਚਾਰਕ ਪਹਿਚਾਣ ਦਾ ਮੂਲ ਧੁਰਾ ਅਤੇ ਇਸਦਾ ਸਦੀਵੀ ਪ੍ਰੇਰਣਾ-ਸਰੋਤ ਇਹੋ ਭੂਗੋਲਕ ਖੇਤਰ ਰਿਹਾ ਹੈ। ਸਿੰਧ-ਘਾਟੀ ਦੀ ਪੁਰਾਤਨ ਸਭਿਅਤਾ ਅਤੇ ਵੈਦਿਕ-ਆਰੀਆ ਸੰਸਕ੍ਰਿਤੀ ਦਾ ਕੇਂਦਰ ਰਿਹਾ ਇਹ ਖਿੱਤਾ ਸਦੀਆਂ ਤੋਂ ਭਾਰਤ ਵਿਚ ਪ੍ਰਵੇਸ਼ ਕਰਨ ਵਾਲੇ ਭਿੰਨ-ਭਿੰਨ ਸਭਿਆਚਾਰਾਂ, ਜੰਗਜੂ ਕਬੀਲਿਆਂ ਅਤੇ ਧਾੜਵੀਆਂ ਦਾ ਪ੍ਰਵੇਸ਼-ਦੁਆਰ ਵੀ ਰਿਹਾ ਹੈ। ਇਸ ਬਹੁ-ਭਾਂਤੀ ਸੰਪਰਕ ਅਤੇ ਸੰਘਰਸ਼ਮਈ ਅੰਤਰ-ਕਿਰਿਆ ਦੇ ਲੰਮੇ ਇਤਿਹਾਸ ਨੇ ਇੱਥੋਂ ਦੇ ਵਸਨੀਕਾਂ ਦੀ ਜੀਵਨ-ਵਿਧੀ ਅਤੇ ਮਨੋ-ਬਣਤਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹੀ ਕਾਰਣ ਹੈ ਕਿ ਵਿਰੋਧੀ ਸਥਿਤੀਆਂ ਨਾਲ ਨਜਿੱਠਣ ਵਾਲੀ ਗਿਆਨ-ਯੁਕਤ ਕਰਮਸ਼ੀਲਤਾ ਅਤੇ ਨਾਬਰੀ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਵਸ ਗਈ ਹੈ ਜਿਸਨੇ ਇਨ੍ਹਾਂ ਨੂੰ ਅਤਿਆਚਾਰੀ ਧਿਰ ਨਾਲ, ਵਾਹ-ਲਗਦੀ, ਮੱਥਾ-ਡਾਹੁਣ, ਦੇਸ਼-ਕੌਮ ਦੀ ਰਾਖੀ ਲਈ ਮਰ ਮਿਟਣ, ਹਾਰ ਕੇ ਵੀ ਹਾਰ ਨਾ ਮੰਨਣ ਵਾਲੀ ਜੀਵਨ-ਸ਼ੈਲੀ ਪ੍ਰਦਾਨ ਕੀਤੀ ਹੈ। ਇਸਦੇ ਨਾਲ ਹੀ ਭਿੰਨਤਾਵਾਂ ਦਾ ਆਦਰ ਕਰਨ, ਹਰ ਓਪਰੇ ਸਭਿਆਚਾਰ ਨਾਲ ਬਰਾਬਰੀ ਦੇ ਆਧਾਰ ਤੇ ਸੰਵਾਦ ਰਚਾਉਣ

---

* ਚਾਂਸਲਰ, ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ।

ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।

ਅਤੇ ਹਰ ਨਵੇਂ ਵਿਚਾਰ ਨੂੰ ਜੀ ਆਇਆਂ ਕਹਿਣ ਵਾਲਾ ਇਨ੍ਹਾਂ ਦਾ ਸੁਭਾ ਵੀ ਸ਼ਾਇਦ ਇਸੇ ਇਤਿਹਾਸਕ ਅਨੁਭਵ ਦਾ ਸਿੱਟਾ ਹੈ।

ਮੁੱਢਲੀ ਗੱਲ ਇਹ ਹੈ ਕਿ ਪੰਜਾਬੀਅਤ ਦਾ ਇਹ ਸੰਕਲਪ ਕਿਸੇ ਇਕ ਧਰਮ, ਕੌਮ, ਜਾਤ ਜਾਂ ਜਮਾਤ ਨਾਲ ਸੰਬੰਧਿਤ ਨਹੀਂ ਸਗੋਂ ਉਸ ਸਰਬ-ਸਾਂਝੇ ਸਭਿਆਚਾਰਕ ਵਿਰਸੇ ਦਾ ਲਖਾਇਕ ਹੈ ਜਿਸਦੀ ਸਿਰਜਣਾ ਵਿਚ ਇੱਥੋਂ ਦੇ ਰਿਸ਼ੀਆਂ-ਮੁਨੀਆਂ, ਸੰਤਾਂ-ਭਗਤਾਂ, ਗੁਰੂ ਵਿਅਕਤੀਆਂ ਅਤੇ ਸੂਫ਼ੀ ਪੀਰ-ਫ਼ਕੀਰਾਂ ਦੀ ਬਾਣੀ ਅਤੇ ਕਲਾਮ ਨੇ ਅਹਿਮ ਰੋਲ ਅਦਾ ਕੀਤਾ ਹੈ। ਕਲਾਸੀਕਲ ਅਤੇ ਮੱਧਕਾਲੀਨ ਦੌਰ ਦੇ ਇਨ੍ਹਾਂ ਧਰਮ-ਪ੍ਰਵਰਤਕਾਂ ਅਤੇ ਚਿੰਤਕਾਂ ਦਾ ਸਿਰਜਿਤ ਪ੍ਰਵਚਨ ਜੀਵੰਤ ਮੌਖਿਕ ਪਰੰਪਰਾ ਦੇ ਰੂਪ ਵਿਚ ਅੱਜ ਵੀ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਵਸਿਆ ਹੋਇਆ ਹੈ। ਇਸ ਸੰਦਰਭ ਵਿਚ ਪੰਜਾਬ ਦੀ ਧਰਤੀ ਉੱਤੇ ਰਚੇ ਗਏ 'ਰਿਗਵੇਦ' ਅਤੇ 'ਗੁਰੂ ਗ੍ਰੰਥ ਸਾਹਿਬ' ਵਰਗੇ ਮਹਾਂ-ਗ੍ਰੰਥਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਨੇ ਪੰਜਾਬੀ ਬੰਦੇ ਨੂੰ ਜੀਵਨ ਅਤੇ ਯਥਾਰਥ ਦੀ ਵਿਆਖਿਆ ਕਰਨ ਵਾਲਾ ਦਾਰਸ਼ਨਿਕ ਮੁਹਾਵਰਾ ਪ੍ਰਦਾਨ ਕੀਤਾ। ਇਸਦੇ ਨਾਲ ਹੀ ਬਾਬਾ ਫਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ ਅਤੇ ਗ਼ੁਲਾਮ ਫ਼ਰੀਦ ਵਰਗੇ ਪੰਜਾਬੀ ਸੂਫ਼ੀ ਸ਼ਾਇਰਾਂ ਦੇ ਉਸ ਹਰਮਨ ਪਿਆਰੇ ਸ਼ਾਇਰਾਨਾ ਕਲਾਮ ਦਾ ਜ਼ਿਕਰ ਕਰਨਾ ਬਣਦਾ ਹੈ ਜੋ ਅੱਜ ਵੀ ਲੋਕਾਂ ਦੀ ਸਿਮਰਤੀ ਵਿਚ ਵਸਿਆ ਹੋਇਆ ਉਨ੍ਹਾਂ ਨੂੰ ਇਸ਼ਕ-ਹਕੀਕੀ ਦਾ ਦਰਸ ਦੇ ਰਿਹਾ ਹੈ। ਪੂਰਬੀ ਚਿੰਤਨ ਦੀ ਪ੍ਰਤਿਨਿਧਤਾ ਕਰਨ ਵਾਲੇ ਇਨ੍ਹਾਂ ਗਿਆਨ-ਪਾਠਾਂ ਨੇ ਆਪਣੇ ਮੁਕਤੀਦਾਇਕ ਪ੍ਰਵਚਨ ਰਾਹੀਂ ਪੰਜਾਬੀ ਬੰਦੇ ਨੂੰ ਧਾਰਮਿਕ ਸੰਕੀਰਣਤਾ ਤੋਂ ਮੁਕਤ ਹੋ ਕੇ ਵਿਚਰਨ ਅਤੇ ਆਪੇ ਤੇ ਬ੍ਰਹਿਮੰਡ ਨਾਲ ਇਕਸੁਰ ਹੋ ਕੇ ਜਿਉਣ ਦੀ ਜਾਚ ਸਿਖਾਈ ਹੈ।

ਅਜੋਕੇ ਦੌਰ ਵਿਚ ਪੰਜਾਬੀਅਤ ਦਾ ਸੰਕਲਪ ਹੁਣ ਨਿਰੋਲ ਖੇਤਰੀ ਪਹਿਚਾਣ ਤਕ ਸੀਮਤ ਨਹੀਂ ਰਿਹਾ। ਇਹ ਰਾਜਨੀਤਕ ਅਤੇ ਭੂਗੋਲਕ ਹੱਦ-ਬੰਦੀਆਂ ਤੋਂ ਪਾਰ ਵਸਦੇ ਅਤੇ ਦੇਸ਼-ਵਿਦੇਸ਼ ਵਿਚ ਫੈਲੇ ਉਸ ਵਿਸ਼ਾਲ ਪੰਜਾਬੀ ਭਾਈਚਾਰੇ ਨਾਲ ਸੰਬੰਧਿਤ ਹੋ ਗਿਆ ਹੈ ਜਿਸਨੇ ਆਪਣੀ ਭਾਸ਼ਾ, ਆਪਣੇ ਸਾਹਿਤ-ਸਭਿਆਚਾਰ, ਆਪਣੀਆਂ ਲੋਕਧਾਰਾਈ ਰੀਤਾਂ-ਰਵਾਇਤਾਂ, ਆਪਣੇ ਜੀਵਨ-ਦਰਸ਼ਨ ਅਤੇ ਜੀਵਨ-ਸ਼ੈਲੀ ਦੇ ਹਵਾਲੇ ਨਾਲ ਆਪਣੀ ਨਵੇਕਲੀ ਪਹਿਚਾਣ ਸਥਾਪਿਤ ਕਰਨ ਦਾ ਉਪਰਾਲਾ ਕੀਤਾ ਹੈ। ਪੰਜਾਬੀਅਤ ਨੂੰ ਅੱਜ ਆਪਣੀ ਸਭਿਆਚਾਰਕ ਪਹਿਚਾਣ ਬਣਾਈ ਰੱਖਣ ਜਾਂ ਬਚਾਉਣ ਦਾ ਮਸਲਾ ਦਰਪੇਸ਼ ਹੈ। ਇਸਦਾ ਮੁੱਖ ਕਾਰਣ ਅਜੋਕੀ ਬਹੁ-ਕੌਮੀ ਪੂੰਜੀਵਾਦੀ ਅਰਥ-ਵਿਵਸਥਾ ਅਤੇ ਮੰਡੀ ਆਰਥਿਕਤਾ ਹੈ ਜਿਸਨੇ ਅਖੌਤੀ ਵਿਸ਼ਵੀਕਰਣ ਦੇ ਪਰਦੇ ਹੇਠਾਂ ਆਰਥਿਕ ਹਿੱਤਾਂ ਦੀ ਪੂਰਤੀ ਲਈ ਪੂੰਜੀ ਅਤੇ ਮੁਨਾਫ਼ੇ ਦੇ ਬੇਰੋਕ ਵਹਾਉ ਨੂੰ ਯਕੀਨੀ ਬਣਾਉਣ ਦੇ ਉਪਰਾਲੇ ਕੀਤੇ ਹਨ। ਅਤਿ-ਵਿਕਸਿਤ ਮੀਡੀਆ-ਤੰਤਰ ਦੇ ਮਾਧਿਅਮ ਰਾਹੀਂ ਨਵੀਂ ਕਿਸਮ ਦੇ ਖਪਤ-

ਸਭਿਆਚਾਰ ਅਤੇ ਓਪਰੀ ਪੱਛਮੀ ਜੀਵਨ-ਸ਼ੈਲੀ ਦਾ ਅੰਧਾ-ਧੁੰਦ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੀ ਇਸ ਨਵ-ਸਾਮਰਾਜੀ ਵਿਸ਼ਵ-ਵਿਵਸਥਾ ਨੇ ਖੇਤਰੀ ਅਤੇ ਸਥਾਨਕ ਸਭਿਆਚਾਰਾਂ ਦੀ ਦੇਸੀ ਰਹਿਤਲ ਨੂੰ ਖੋਰਾ ਲਾਉਣ ਜਾਂ ਪਲੀਤ ਕਰਨ ਦਾ ਜਤਨ ਕੀਤਾ ਹੈ।

ਸਾਡਾ ਮੁੱਖ ਸਰੋਕਾਰ ਪੰਜਾਬੀਅਤ ਦੀ ਪ੍ਰਤਿਨਿਧਤਾ ਕਰਨ ਵਾਲੇ ਇਸ ਵਰਤਾਰੇ ਨੂੰ ਵਿਰਸੇ ਤੇ ਵਰਤਮਾਨ ਦੇ ਹਵਾਲੇ ਨਾਲ ਵਾਚਣਾ ਅਤੇ ਇਸਦੇ ਬਦਲਦੇ ਹੋਏ ਸੰਦਰਭਾਂ ਤੇ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨਾ ਹੈ। ਇਸ ਮੰਤਵ ਲਈ ਸੱਭ ਤੋਂ ਪਹਿਲਾਂ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਸੰਕਲਪਗਤ ਸਰੂਪ ਨੂੰ ਸਪਸ਼ਟ ਕਰਨਾ ਜ਼ਰੂਰੀ ਜਾਪਦਾ ਹੈ। ਭਾਸ਼ਾ, ਮੂਲ ਰੂਪ ਵਿਚ, ਅਰਥਾਂ ਦੀ ਉਸਾਰੀ ਕਰਨ ਅਜਿਹਾ ਬਹੁ-ਮੁਖੀ ਚਿਹਨ-ਪ੍ਰਬੰਧ ਹੈ ਜਿਸਦੇ ਮਾਧਿਅਮ ਰਾਹੀਂ ਕੋਈ ਮਨੁੱਖੀ ਭਾਈਚਾਰਾ ਦਿਸਦੇ ਜਗਤ ਨਾਲ ਪ੍ਰਤੱਖਣ ਤੇ ਪ੍ਰਗਟਾਵੇ ਦਾ ਰਿਸ਼ਤਾ ਜੋੜਦਾ ਹੈ ਅਤੇ ਆਪਣੇ ਹੋਂਦ-ਮੁਖੀ ਸਰੋਕਾਰਾਂ, ਸੁਪਨਿਆਂ ਅਤੇ ਉਮੰਗਾਂ ਨੂੰ ਜ਼ੁਬਾਨ ਦਿੰਦਾ ਹੈ। ਅਸਲ ਵਿਚ ਇਹ ਭਾਸ਼ਾ ਹੀ ਹੈ ਜੋ ਅਰਥਾਂ ਦੀ ਸਿਰਜਣਾ ਰਾਹੀਂ ਗਿਆਨ ਦੇ ਸੰਗਠਨ ਉਸਾਰਦੀ ਹੈ। ਭਾਸ਼ਾ ਦੇ ਸੰਗਠਨ ਵਿਚ ਢਲਣ ਤੋਂ ਪਹਿਲਾਂ ਗਿਆਨ ਦਾ ਕੋਈ ਰੂਪ ਜਾਂ ਆਕਾਰ ਨਹੀਂ ਹੁੰਦਾ। ਇਸਨੂੰ ਭਾਸ਼ਾ ਰਾਹੀਂ ਹੀ ਸਿਰਜਿਆ ਤੇ ਸੰਚਾਰਿਆ ਜਾ ਸਕਦਾ ਹੈ।

ਪੰਜਾਬੀ ਬੰਦੇ ਦੀ ਪਹਿਚਾਣ ਸਥਾਪਿਤ ਕਰਨ ਵਾਲੇ ਬੁਨਿਆਦੀ ਤੱਤਾਂ ਵਿਚ ਪੰਜਾਬੀ ਭਾਸ਼ਾ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੈ। ਪੰਜਾਬੀ ਭਾਰਤ ਦੀਆਂ ਪ੍ਰਮੁੱਖ ਆਧੁਨਿਕ ਭਾਸ਼ਾਵਾਂ ਵਿੱਚੋਂ ਹੈ ਜਿਸਦਾ ਸੰਬੰਧ ਸੰਸਾਰ ਦੇ ਵਡੇਰੇ ਭਾਰਤ-ਯੂਰੋਪੀ ਭਾਸ਼ਾ-ਪਰਿਵਾਰ ਨਾਲ ਹੈ। ਸੁਤੰਤਰ ਭਾਰਤ ਵਿਚ ਇਸਨੂੰ ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿਚ ਮਾਨਤਾ ਪ੍ਰਾਪਤ ਪ੍ਰਾਦੇਸ਼ਕ ਭਾਸ਼ਾਵਾਂ ਵਿਚ ਸ਼ਾਮਿਲ ਕੀਤਾ ਗਿਆ ਹੈ। ਇਹ ਭਾਰਤੀ ਪੰਜਾਬ ਦੀ ਸਰਕਾਰੀ ਭਾਸ਼ਾ ਹੈ ਅਤੇ ਪੰਜਾਬ ਦੇ ਨੇੜਲੇ ਸੂਬਿਆਂ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਚੰਡੀਗੜ੍ਹ ਆਦਿ ਵਿਚ ਵੀ ਬੋਲੀ ਜਾਂਦੀ ਹੈ। ਇਸਤੋਂ ਇਲਾਵਾ ਪੰਜਾਬੀ ਬੋਲਣ ਵਾਲੇ ਭਾਰਤ ਦੇ ਹੋਰਨਾਂ ਸੂਬਿਆਂ ਅਤੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਵੀ ਵਸਦੇ ਹਨ।

ਭਾਸ਼ਾ ਵਾਂਗ ਸਾਹਿਤ ਅਤੇ ਸਭਿਆਚਾਰ ਵੀ ਮਾਨਵੀ ਵਿਹਾਰ ਦੇ ਦੋ ਮਹੱਤਵਪੂਰਣ ਖੇਤਰ ਹਨ। ਇਨ੍ਹਾਂ ਦੋਹਾਂ ਦਾ ਆਪਸ ਵਿਚ ਡੂੰਘਾ ਰਿਸ਼ਤਾ ਹੈ। ਸਾਹਿਤ ਮੂਲਰੂਪ ਵਿਚ ਭਾਸ਼ਕ ਕਲਾ ਹੈ। ਇਹ ਭਾਸ਼ਾ ਦੀ ਸਿਰਜਣਾਤਮਕ ਸ਼ਕਤੀ ਦੇ ਮਾਧਿਅਮ ਰਾਹੀਂ ਹੋਂਦ ਵਿਚ ਆਉਂਦਾ ਹੈ ਅਤੇ ਸਮਾਜ-ਸਭਿਆਚਾਰ ਦੇ ਸੰਦਰਭ ਵਿਚ ਅਰਥ-ਸਾਰਥਕਤਾ ਗ੍ਰਹਿਣ ਕਰਦਾ ਹੈ। ਸਮਕਾਲੀ ਵਿਸ਼ਵ-ਚਿੰਤਨ ਵਿਚ ਮਨੁੱਖ ਦੇ ਸਾਹਿਤਕ ਅਤੇ ਸਭਿਆਚਾਰਕ ਵਰਤਾਰੇ ਸੰਬੰਧੀ ਭਰਪੂਰ ਸਿਧਾਂਤ-ਚਿੰਤਨ

ਸਾਮ੍ਹਣੇ ਆਇਆ ਹੈ ਜਿਸਨੇ ਇਨ੍ਹਾਂ ਦੀ ਰਚਨਾ-ਸੰਰਚਨਾ, ਪ੍ਰਕਿਰਤੀ ਅਤੇ ਪ੍ਰਕਾਰਜ ਬਾਰੇ ਭਰੋਸੇਯੋਗ ਸਮਝ ਅਤੇ ਸੂਝ ਵਿਕਸਿਤ ਕਰਨ ਦਾ ਉਪਰਾਲਾ ਕੀਤਾ ਹੈ।

ਸਭਿਆਚਾਰ ਦਾ ਸਰੋਕਾਰ ਉਨ੍ਹਾਂ ਸਾਂਝੇ ਸਾਮਾਜਿਕ ਅਰਥਾਂ ਨਾਲ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਅਸੀਂ ਸੰਸਾਰ ਨੂੰ ਅਰਥ ਪ੍ਰਦਾਨ ਕਰਦੇ ਹਾਂ। ਇਹ ਅਰਥ ਹਵਾ ਵਿਚ ਨਹੀਂ ਤੈਰਦੇ ਸਗੋਂ ਵਿਭਿੰਨ ਪ੍ਰਕਾਰ ਦੇ ਚਿਹਨਾਂ ਰਾਹੀਂ ਸਿਰਜੇ ਜਾਂਦੇ ਹਨ ਜਿਨ੍ਹਾਂ ਵਿਚ ਭਾਸ਼ਾਈ ਚਿਹਨਾਂ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਪਰ ਸਭਿਆਚਾਰ ਕੋਈ ਇਕ-ਇਕਹਿਰੀ ਸਦੀਵੀ ਜਾਂ ਸਥਿਰ ਹੋਂਦ ਨਹੀਂ ਸਗੋਂ ਗਤੀਸ਼ੀਲ ਅਤੇ ਜਟਿਲ ਵਰਤਾਰਾ ਹੈ। ਕਿਸੇ ਵੀ ਮਨੁੱਖੀ ਭਾਈਚਾਰੇ ਦੀ ਸਭਿਆਚਾਰਕ ਪਹਿਚਾਣ ਭਿੰਨਤਾਵਾਂ ਅਤੇ ਸਮਾਨਤਾਵਾਂ ਦੇ ਸੰਗਠਨ ਰਾਹੀਂ ਹੋਂਦ ਵਿਚ ਆਉਂਦੀ ਹੈ। ਇਸਦੀ ਉਸਾਰੀ ਵਿਚ ਸਮਾਜਕ ਅਤੇ ਆਰਥਕ ਦਰਜੇਬੰਦੀ ਦੇ ਆਧਾਰ ’ਤੇ ਵੰਡੇ ਹੋਏ ਭਿੰਨ-ਭਿੰਨ ਵਰਗ (ਹਾਕਮ/ਮਹਿਕੂਮ, ਹਾਵੀ/ਦਮਿਤ, ਕੁਲੀਨ/ਦਲਿਤ ਆਦਿ) ਸ਼ਾਮਿਲ ਹੁੰਦੇ ਹਨ। ਇਸਤੋਂ ਇਲਾਵਾ ਇਤਿਹਾਸਕ  ਵਿਕਾਸ ਦੀ ਪ੍ਰਕਿਰਿਆ ਵਿਚੋਂ ਲੰਘਦਿਆਂ ਇਸ ਸਭਿਆਚਾਰਕ ਪਹਿਚਾਣ ਦਾ ਮੁਹਾਂਦਰਾ ਨਿਰੰਤਰ ਤਬਦੀਲ ਹੁੰਦਾ ਰਹਿੰਦਾ ਹੈ।

ਸਮਕਾਲੀ ਸਾਹਿਤ-ਚਿੰਤਕਾਂ ਨੇ ਸਾਹਿਤ ਨੂੰ ਸ਼ਾਬਦਿਕ ਕਲਾ (verbal art) ਆਖਿਆ ਹੈ। ਅਰਥਾਤ ਇਹ ਸ਼ਬਦਾਂ ਦੇ ਮਾਧਿਅਮ ਰਾਹੀਂ ਅਰਥਾਂ ਦਾ ਉਤਪਾਦਨ ਕਰਨ ਦੀ ਕਲਾ ਹੈ। ਪਰ ਇਹ ਅਜਿਹੀ ਕਲਾ ਹੈ ਜਿਸਦੀ ਸਾਰਥਕਤਾ ਸੰਦਰਭ-ਰਹਿਤ ਹੋਣ ਵਿਚ ਨਹੀਂ ਸਗੋਂ ਸੰਦਰਭ-ਸਹਿਤ ਹੋਣ ਵਿਚ ਹੈ। ਇਸ ਵਿਚਲਾ ਅਰਥਗਤ ਪਾਸਾਰ ਇਸਨੂੰ ਸਹਿਜੇ ਹੀ ਸਮਾਜ-ਸਭਿਆਚਾਰਕ ਅਤੇ ਇਤਿਹਾਸਕ ਸੰਦਰਭਾਂ ਨਾਲ ਜੋੜ ਦਿੰਦਾ ਹੈ। ਸਾਹਿਤ ਦੇ ਮੁਕਾਬਲੇ ਉੱਤੇ ਸਭਿਆਚਾਰ ਮਨੁੱਖ ਦੀ ਸਮੁੱਚੀ ਜੀਵਨ-ਵਿਧੀ ਦਾ ਲਖਾਇਕ ਹੈ। ਇਹ ਕਦਰਾਂ-ਕੀਮਤਾਂ, ਰਸਮਾਂ-ਰੀਤਾਂ, ਵਿਸ਼ਵਾਸ਼-ਪਰੰਪਰਾਵਾਂ, ਸਿਰਜਣਾਤਮਕ ਕਲਪਨਾਵਾਂ, ਸੁਪਨਿਆਂ ਅਤੇ ਆਦਰਸ਼ਾਂ ਦਾ ਅਜਿਹਾ ਵਿਆਪਕ ਵਰਤਾਰਾ ਹੈ ਜੋ ਮਨੁੱਖੀ ਹੋਂਦ ਨੂੰ ਅਰਥ-ਸਾਰਥਕਤਾ ਪ੍ਰਦਾਨ ਕਰਦਾ ਹੈ। ਅਸਲ ਵਿਚ ਸਭਿਆਚਾਰ ਹੀ ਮਨੁੱਖ ਦੇ ਮਨੁੱਖ ਹੋਣ ਦੀ ਗਵਾਹੀ ਹੈ।

ਹਰ ਸਾਹਿਤ-ਰਚਨਾ, ਸਭਿਆਚਾਰ ਦੇ ਧਰਾਤਲ ਵਿਚੋਂ ਉਪਜਦੀ ਹੈ ਅਤੇ ਮੋੜਵੇਂ ਰੂਪ ਵਿਚ ਉਸਨੂੰ ਪ੍ਰਭਾਵਿਤ ਵੀ ਕਰਦੀ ਹੈ। ਇਸੇ ਤਰ੍ਹਾਂ, ਹਰ ਮਨੁੱਖੀ ਭਾਈਚਾਰਾ ਆਪਣੇ ਵਿਰਸੇ ਦੇ ਸਾਹਿਤਕ ਪਾਠਾਂ/ਪ੍ਰਵਚਨਾਂ ਵਿਚੋਂ ਆਪਣੀ ਸਭਿਆਚਾਰਕ ਪਹਿਚਾਣ ਤਲਾਸ਼ ਕਰਦਾ ਹੈ ਅਤੇ ਮੋੜਵੇਂ ਰੂਪ ਵਿਚ ਉਸੇ ਸਵੈ-ਪਹਿਚਾਣ ਨੂੰ ਸਾਹਿਤਕਾਰੀ ਦੇ ਮਾਧਿਅਮ ਰਾਹੀਂ ਪੁਨਰ-ਸਿਰਜਿਤ ਕਰਨ ਵਲ ਰੁਚਿਤ ਹੁੰਦਾ ਹੈ। ਇਸ ਤਰ੍ਹਾਂ ਸਾਹਿਤ ਸਭਿਆਚਾਰ ਦਾ ਸਿਰਜਕ ਵੀ ਹੈ ਅਤੇ ਉਸਦੀ ਸਿਰਜਣਾ ਵੀ। ਮੁੱਢਲੀ ਗੱਲ ਇਹ ਹੈ ਕਿ ਪੰਜਾਬੀਅਤ ਦੀ ਪ੍ਰਤਿਨਿਧਤਾ ਕਰਨ ਵਾਲਾ ਇਹ ਦੁ-ਪੱਖੀ ਵਰਤਾਰਾ ਆਪਣੇ

ਨਿਕਾਸ ਅਤੇ ਵਿਕਾਸ ਦੇ ਅਨੇਕਾਂ ਮਹੱਤਵਪੂਰਣ ਪੜਾਵਾਂ ਥਾਣੀ ਲੰਘਦਾ ਹੈ ਅਤੇ ਆਪਣੇ ਸੁਭਾ ਅਤੇ ਚਰਿਤਰ ਦੀਆਂ ਨਿਖੜਵੀਆਂ ਵਿਸ਼ੇਸ਼ਤਾਵਾਂ ਗ੍ਰਹਿਣ ਕਰਦਾ ਹੈ।

ਭਾਸ਼ਾਈ ਵਿਕਾਸ ਦੀ ਦ੍ਰਿਸ਼ਟੀ ਤੋਂ ਵੈਦਿਕ ਸੰਸਕ੍ਰਿਤ ਵਿਚ ਰਚੀਆਂ ਗਈਆਂ ਅਨੇਕਾਂ ਕਲਾਸੀਕਲ ਰਚਨਾਵਾਂ ਪੰਜਾਬ ਦੀ ਧਰਤੀ ਨਾਲ ਸੰਬੰਧਿਤ ਹਨ ਜਿਨ੍ਹਾਂ ਵਿਚ ਰਿਗਵੇਦ ਅਤੇ ਮਹਾਭਾਰਤ ਸ਼ਾਮਿਲ ਹਨ। ਇਹ ਰਚਨਾਵਾਂ ਪੰਜਾਬੀ ਸਾਹਿਤ-ਸਭਿਆਚਾਰ ਦੀ ਕਲਾਸੀਕਲ ਵਿਰਾਸਤ ਦਾ ਅਨਿੱਖੜ ਅੰਗ ਮੰਨੀਆਂ ਜਾ ਸਕਦੀਆਂ ਹਨ। ਦੇਖਿਆ ਜਾਵੇ ਤਾਂ, ਰਿਗਵੇਦ ਪੰਜਾਬੀ ਵਿਰਸੇ ਦੀ ਪਹਿਲੀ ਸਾਹਿਤਕ ਸਿਰਜਣਾ ਹੈ। ਇਸਦਾ ਪਾਠ ਤੇ ਪ੍ਰਵਚਨ ਪੁਰਾਤਨ ਪੰਜਾਬ ਦੀ ਸਮਾਜ-ਸਭਿਆਚਾਰਕ ਸਥਿਤੀ ਨੂੰ ਵੀ ਮੂਰਤੀਮਾਨ ਕਰਦਾ ਹੈ ਅਤੇ ਪੰਜਾਬੀ ਬੰਦੇ ਦੀ ਵਿਸ਼ਵ-ਦ੍ਰਿਸ਼ਟੀ ਤੇ ਜੀਵਨ-ਜਾਚ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਪ੍ਰਕਿਰਤਕ ਸ਼ਕਤੀਆਂ ਦੇ ਦੈਵੀਕਰਣ ਰਾਹੀਂ ਇਹ ਲੋਕ ਮਨ ਦੇ ਅਵਚੇਤਨ ਛੁਪੀ ਸੁਖ-ਸਮ੍ਰਿਧੀ ਦੀ ਲਾਲਸਾ ਅਤੇ ਕਾਮਨਾ ਦਾ ਪ੍ਰਵਚਨ ਸਿਰਜਦਾ ਹੈ। ਇਸਦੇ ਨਾਲ ਹੀ ਇਹ ਪਰਮ ਸੱਚ ਤੇ ਪਰਮਾਰਥ ਦੇ ਹਵਾਲੇ ਨਾਲ ਬ੍ਰਹਿਮੰਡੀ ਚੇਤਨਾ ਦਾ ਸੰਚਾਰ ਵੀ ਕਰਦਾ ਹੈ।

ਮਹੱਤਵਪੂਰਣ ਗੱਲ ਇਹ ਹੈ ਕਿ ਪੰਜਾਬੀ ਵਿਰਸੇ ਦੀਆਂ ਇਨ੍ਹਾਂ ਕਲਾਸੀਕਲ ਰਚਨਾਵਾਂ ਦਾ ਸਿਰਜਿਤ ਪ੍ਰਵਚਨ ਤਤਕਾਲੀਨ ਸਭਿਆਚਾਰ ਦੀ ਹਕੀਕਤ ਨੂੰ ਮੂਰਤੀਮਾਨ ਕਰਨ ਦੇ ਨਾਲ ਨਾਲ ਭਵਿੱਖਾਰਥੀ ਰਚਨਾਵਾਂ ਦਾ ਸਦੀਵੀ ਪ੍ਰੇਰਣਾ-ਸਰੋਤ ਵੀ ਹੋ ਨਿਬੜਦਾ ਹੈ। ਇਸਦੀ ਸੱਭ ਤੋਂ ਉੱਘੜਵਾਂ ਪ੍ਰਮਾਣ ਗੁਰੂ ਨਾਨਕ ਬਾਣੀ ਵਿਚ ਮਿਲਦਾ ਹੈ। ਗੁਰੂ ਨਾਨਕ ਦੇਵ 'ਮਾਰੂ ਸੋਲਹੇ ਮਹਲਾ ੧' ਵਿਚ ਸ੍ਰਿਸ਼ਟੀ ਰਚਨਾ ਦੇ ਰਹੱਸ ਦਾ ਕਾਵਿਕ ਪ੍ਰਗਟਾਵਾ ਇਨ੍ਹਾਂ ਪੰਗਤੀਆਂ ਰਾਹੀਂ ਕਰਦੇ ਹਨ :

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ . . .
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ
ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥

ਦਿਲਚਸਪ ਗੱਲ ਇਹ ਹੈ ਕਿ ਸ੍ਰਿਸ਼ਟੀ ਰਚਨਾ ਸੰਬੰਧੀ ਇਸੇ ਕਿਸਮ ਦੀ ਸਥਿਤੀ ਦਾ ਵਰਣਨ ਰਿਗਵੇਦ ਦੀ ਸੰਸਾਰ-ਪ੍ਰਸਿੱਧ ਰਚਨਾ (ਨਾਸਦੀਯ ਸੂਕਤ) ਵਿਚ ਵੀ ਮਿਲਦਾ ਹੈ। ਇਸਦਾ ਪੰਜਾਬੀ ਰੂਪਾਂਤਰ ਇਸ ਪ੍ਰਕਾਰ ਹੈ :

ਅਸਤਿ ਨਹੀਂ ਸੀ ਤਦੋਂ, ਨਾ ਹੀ ਸਤਿ ਸੀ,

ਅੰਬਰ ਨਹੀਂ ਸੀ ਨਾ ਹੀ ਇਸ ਦੇ ਪਾਰ ਫੈਲਿਆ ਮਹਾ-ਆਕਾਸ਼।

ਕੱਜਿਆ ਕੀ ਸੀ, ਤੇ ਕਿੱਥੇ? ਕਿਸ ਨੇ ਥੰਮਿਆਂ ਸੀ ਏਸਨੂੰ?

ਤਦੋਂ ਤਾਂ ਅਗਮ ਅਗਾਧ ਜਲ ਵੀ ਕਿੱਥੇ ਸੀ?

ਮੌਤ ਨਹੀਂ ਸੀ ਤਦੋਂ, ਨਾ ਹੀ ਅਮਰ ਜੀਵਨ,

ਦਿਨ ਤੇ ਰਾਤ ਨੂੰ ਵੱਖ ਕਰਨ ਦਾ ਸੰਕੇਤ ਨਹੀਂ ਸੀ ਕੋਈ।

ਸੁਆਸ ਵਿਹੂਣਾ, ਆਪਣੇ ਆਪ ਤੇ ਨਿਰਭਰ, ਕੇਵਲ ਇਕ ਸੀ ਤਦੋਂ,

ਉਸ ਤੋਂ ਸਿਵਾ ਕੋਈ ਦੂਸਰਾ ਨਹੀਂ ਸੀ।

ਹਨੇਰਾ ਸੀ ਤਦੋਂ, ਹਨੇਰੇ ਨਾਲ ਕੱਜਿਆ, ਧੁੰਧੂਕਾਰ ਸੀ ਚਾਰ-ਚੁਫੇਰੇ।

ਹੈ ਸੀ ਤਾਂ ਬਸ ਨਿਰਾਕਾਰ ਸੁੰਨ, ਤਪਸ਼ ਦੀ ਮਹਾ ਊਰਜਾ ਤੋਂ ਉਪਜਿਆ ਪੁੰਜ।

ਫੇਰ ਪਹਿਲੋਂ ਪਹਿਲ, ਕਾਮਨਾ ਦਾ ਹੋਇਆ ਉਭਾਰ, ਮਨ ਦਾ ਆਦਿ-ਜੁਗਾਦੀ ਬੀਜ।

ਅੰਤਰ ਦੀ ਸੂਝ ਵਾਲੇ ਮੁਨੀਜਨਾਂ, ਜਾਣ ਲਿਆ ਸੀ ਭਲੀ ਭਾਂਤ,

ਰਿਸ਼ਤਾ ਕੀ ਹੈ, ਹੋਂਦ ਦਾ ਅਣਹੋਂਦ ਨਾਲ।

ਫੈਲਾ ਦਿੱਤਾ ਉਨ੍ਹਾਂ ਆਪਣੇ ਸੂਤਰ ਨੂੰ, ਮਹਾ ਸੁੰਨ ਦੇ ਆਰ ਪਾਰ,

ਉੱਪਰ-ਵਾਰ ਤੇ ਹੇਠਾਂ ਵੀ।

ਧਾਰਣੀ ਮਹਾ ਸ਼ਕਤੀਆਂ ਤਤਪਰ ਸਨ ਓਥੇ,

ਹੇਠਾਂ ਸੀ ਸੱਤਿਆ, ਉੱਪਰ ਅਸੀਮ ਊਰਜਾ।

ਜਾਣਦਾ ਹੈ ਕੌਣ ਅਸਲ ਵਿਚ, ਤੇ ਆਖ ਸਕਦਾ ਹੈ ਕੌਣ?

ਕਿੱਥੋਂ ਨਿੰਮਿਆ, ਕਿਵੇਂ ਉਪਜਿਆ ਇਹ ਸੰਸਾਰ?

ਦੇਵਤੇ ਹੋਏ ਸ੍ਰਿਸ਼ਟੀ ਤੋਂ ਮਗਰੋਂ ਵਿੱਦਮਾਨ,

ਤਾਂ ਫਿਰ ਕੌਣ ਜਾਣਦਾ ਹੈ, ਰਚੀ ਗਈ ਕਦੋਂ ਇਹ ਰਚਨਾ?

ਕੌਣ ਹੈ ਸ੍ਰਿਸ਼ਟੀ ਦਾ ਕਰਤਾ? ਕਰਤਾ ਜਾਂ ਅਕਰਤਾ?

ਅੰਤਰਯਾਮੀ ਕੌਣ ਹੈ, ਉੱਚੇ ਅੰਬਰਾਂ ਵਾਲੀ ਇਸ ਧਰਤ ਦਾ?

ਓਹੀ ਜਾਣਦਾ ਹੈ, ਜੋ ਹੈ ਸੁਆਮੀ ਏਸਦਾ;

ਜਾਂ ਫੇਰ ਸ਼ਾਇਦ ਉਹ ਵੀ ਨਹੀਂ ਜਾਣਦਾ।

- ਰਿਗਵੇਦ 129.10 (ਅਨੁਵਾਦ: ਜਗਬੀਰ ਸਿੰਘ)

ਇਸ ਤਰ੍ਹਾਂ ਗੁਰੂ ਨਾਨਕ ਦੇਵ ਆਪਣੀ 'ਮਾਰੂ ਸੋਲਹੇ' ਰਚਨਾ ਰਾਹੀਂ 'ਨਾਸਦੀਯ ਸੂਕਤ' ਨਾਲ ਸੰਵਾਦ ਰਚਾਉਂਦੇ ਹਨ। ਉਹ ਇਸ ਵਿਚਲੇ ਦਾਰਸ਼ਨਿਕ ਪ੍ਰਸ਼ਨਾਂ ਨੂੰ ਅਨੋਖੇ ਅੰਦਾਜ਼ ਵਿਚ ਸੰਬੋਧਿਤ ਹੁੰਦੇ ਹਨ।

ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਇਸ ਮੁੱਢਲੇ ਕਲਾਸੀਕਲ ਦੌਰ ਤੋਂ ਬਾਦ, ਅਜੋਕੇ ਰੂਪ ਵਿਚ, ਇਸਦਾ ਭਰਪੂਰ ਵਿਕਾਸ ਮੱਧਕਾਲੀਨ ਇਤਿਹਾਸਕ ਦੌਰ ਵਿਚ ਸਾਮ੍ਹਣੇ ਆਉਂਦਾ ਹੈ। ਸਾਹਿਤਕ ਦ੍ਰਿਸ਼ਟੀ ਤੋਂ ਇਸ ਦੌਰ ਦੀ ਮੁੱਖ ਪ੍ਰਾਪਤੀ ਸਿੱਧ-ਨਾਥ-ਸੰਤ ਬਾਣੀ ਪਰੰਪਰਾ, ਸੂਫੀ ਸਾਹਿਤ ਅਤੇ ਵਿਸ਼ੇਸ਼ ਤੌਰ ਤੇ ਗੁਰਮਤਿ ਕਾਵਿ ਦੇ ਰੂਪ ਵਿਚ ਉਜਾਗਰ ਹੁੰਦੀ ਹੈ। ਗੁਰਮਤਿ ਕਾਵਿ ਦਾ ਪ੍ਰਾਮਾਣਿਕ ਸੰਕਲਨ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਰੂਪ ਵਿਚ ਪ੍ਰਾਪਤ ਹੈ। 'ਧੁਰ ਕੀ ਬਾਣੀ' ਜਾਂ 'ਸ਼ਬਦ ਗੁਰੂ' ਵਜੋਂ ਮਾਨਤਾ ਰੱਖਣ ਵਾਲੇ ਇਸ ਅਦੁੱਤੀ ਧਰਮ-ਗ੍ਰੰਥ ਵਿਚ ਸਿੱਖ ਧਰਮ ਦੇ ਪ੍ਰਵਰਤਕ ਗੁਰੂ ਨਾਨਕ ਦੇਵ ਅਤੇ ਹੋਰਨਾਂ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਅਤੇ ਸੂਫ਼ੀ-ਸੰਤ ਬਾਬਾ ਫ਼ਰੀਦ ਦੀ ਰਚਨਾ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਬਾਰ੍ਹਵੀਂ ਸਦੀ ਈਸਵੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਈਸਵੀ ਤਕ ਦੇ ਲੰਮੇ ਵਿਸਤਾਰ ਵਿਚ ਪ੍ਰਵਾਹਿਤ ਹੋਣ ਵਾਲੀ ਇਹ ਪਾਵਨ ਰਚਨਾ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਨਾਲ ਵੀ ਸੰਬੰਧਿਤ ਹੈ। ਇਹੀ ਕਾਰਣ ਹੈ ਕਿ ਸਿੱਖ-ਵਿਰਸੇ ਦੀ ਇਸ ਪਾਵਨ ਰਚਨਾ ਨੂੰ ਮੱਧਕਾਲੀਨ ਭਾਰਤ ਦੀ ਮੁੱਲਵਾਨ ਸਭਿਆਚਾਰਕ ਟੈਕਸਟ ਵਜੋਂ ਵੀ ਵਾਚਿਆ ਜਾ ਸਕਦਾ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਇਹ ਰਚਨਾ ਮੱਧਕਾਲੀਨ ਭਾਰਤ ਦੇ ਉਸ ਦੌਰ ਦੀ ਪ੍ਰਤਿਨਿਧਤਾ ਕਰਦੀ ਹੈ ਜਿਸਨੂੰ ਸਭਿਆਚਾਰਕ ਨਵ-ਜਾਗ੍ਰਿਤੀ ਦਾ ਦੌਰ ਆਖਿਆ ਗਿਆ ਹੈ। ਨਵ-ਜਾਗ੍ਰਿਤੀ ਦੀ ਇਸ ਲਹਿਰ ਨੂੰ ਉਸਾਰਨ ਵਿਚ ਸੰਤਾਂ, ਭਗਤਾਂ ਅਤੇ ਗੁਰੂ-ਵਿਅਕਤੀਆਂ ਦਾ ਯੋਗਦਾਨ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਨ੍ਹਾਂ ਮੱਧਕਾਲੀਨ ਧਰਮ-ਪ੍ਰਵਰਤਕਾਂ ਨੇ ਆਪਣੀ ਬਾਣੀ ਅਤੇ ਕਲਾਮ ਰਾਹੀਂ ਸਭਿਆਚਾਰਕ ਕ੍ਰਾਂਤੀ ਅਤੇ ਮਾਨਵ-ਮੁਕਤੀ ਦਾ ਅਜਿਹਾ ਸੰਦੇਸ਼ ਸੰਚਾਰਿਤ ਕੀਤਾ ਜਿਸਨੂੰ ਮਨੁੱਖੀ ਹੋਂਦ ਦੀ ਗੌਰਵਮਈ ਪ੍ਰਾਪਤੀ ਮੰਨਿਆਂ ਜਾ ਸਕਦਾ ਹੈ। ਅਜਿਹੀ ਸਥਿਤੀ ਦੇ ਪ੍ਰਸੰਗ ਵਿਚ ਆਦਿ ਗ੍ਰੰਥ ਬਾਣੀ ਨੂੰ ਕ੍ਰਾਂਤੀ ਅਤੇ ਮੁਕਤੀ ਦਾ ਪ੍ਰਵਚਨ ਵੀ ਆਖਿਆ ਜਾ ਸਕਦਾ ਹੈ। ਗੁਰਬਾਣੀ ਦਾ ਪ੍ਰਵਚਨ ਹਾਕਮ ਸ਼੍ਰੇਣੀ ਅਤੇ ਕੁਲੀਨ ਵਰਗਾਂ

ਦਾ ਪੱਖ ਪੂਰਣ ਵਾਲੀ ਸ਼ੋਸ਼ਣਕਾਰੀ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਹ ਮੁਗ਼ਲ ਸਾਮੰਤਵਾਦ ਅਤੇ ਜਾਗੀਰਦਾਰੀ ਅਰਥ-ਵਿਵਸਥਾ ਦੀ ਹਿੰਸਾ ਨੂੰ ਹੀ ਨੰਗਿਆਂ ਨਹੀਂ ਕਰਦਾ ਸਗੋਂ ਪੀੜਿਤ ਲੋਕਾਈ ਦੇ ਮਨ ਵਿਚ ਇਸ ਅਤਿਆਚਾਰੀ ਸ਼ਾਸ਼ਣ ਦੀ ਅਸਥਿਰਤਾ ਦਾ ਅਹਿਸਾਸ ਜਗਾ ਕੇ ਨੈਤਿਕ ਮਨੋਬਲ ਵੀ ਪੈਦਾ ਕਰਦਾ ਹੈ।

ਇਹ ਬਾਣੀ ਭਿੰਨ-ਭਿੰਨ ਧਰਮਾਂ, ਫ਼ਿਰਕਿਆਂ, ਵਰਗਾਂ ਅਤੇ ਜਾਤ-ਬਰਾਦਰੀਆਂ ਨੂੰ ਪਰਸਪਰ ਵੈਰ-ਵਿਰੋਧ ਅਤੇ ਟਕਰਾਉ ਰਾਹ ਛੱਡ ਕੇ ਸਦਭਾਵਨਾ, ਸੁਹਿਰਦਤਾ, ਸਹਿਯੋਗ ਅਤੇ ਸਹਿਨਸ਼ੀਲਤਾ ਦਾ ਸੰਦੇਸ਼ ਸੰਚਾਰਿਤ ਕਰਦੀ ਹੈ। ਇਸ ਤਰ੍ਹਾਂ ਆਦਿ ਗ੍ਰੰਥ ਬਾਣੀ ਦਾ ਪ੍ਰਵਚਨ ਵਿਭਿੰਨ ਸਭਿਆਚਾਰਕ ਪਰੰਪਰਾਵਾਂ ਵਿਚਕਾਰ ਸ਼ਾਂਤਮਈ ਸਹਿ-ਹੋਂਦ ਨੂੰ ਪ੍ਰਵਾਨਗੀ ਦਿੰਦਾ ਹੋਇਆ ਮੱਧਕਾਲੀਨ ਭਾਰਤ ਵਿਚ ਉੱਸਰ ਰਹੇ ਸੰਜੁਗਤ ਸਭਿਆਚਾਰ ਦੀ ਸੰਭਾਵਨਾ ਨੂੰ ਵੀ ਸਾਕਾਰ ਕਰਦਾ ਹੈ। ਮਿਸਾਲ ਵਜੋਂ ਆਦਿ ਗ੍ਰੰਥ ਬਾਣੀ ਦੀਆ ਕੁਝ ਪੰਗਤੀਆਂ ਪੇਸ਼ ਹਨ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥<br>
ਕੋਈ ਸੇਵੈ ਗੁਸਈਆ ਕੋਈ ਅਲਾਹਿ॥1॥ਕਾਰਣ ਕਰਣ ਕਰੀਮ ॥<br>
ਕਿਰਪਾ ਧਾਰਿ ਰਹੀਮ ॥1॥ ਰਹਾਉ ॥<br>
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥<br>
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥2॥<br>
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥3॥<br>
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥<br>
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥4॥<br>
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥<br>
ਪ੍ਰਭ ਸਾਹਿਬ ਕਾ ਤਿਨਿ ਭੇਦੁਜਾਤਾ॥5॥9॥ (ਸ੍ਰੀ ਗੁਰੂ ਗ੍ਰੰਥ ਸਾਹਿਬ, 885.)

ਇਉਂ ਆਦਿ ਗ੍ਰੰਥ ਦੇ ਪ੍ਰਵਚਨ ਵਿਚ ਵਿਭਿੰਨ ਧਰਮਾਂ ਦੀਆਂ ਵਿਸ਼ਵਾਸ਼-ਪਰੰਪਰਾਵਾਂ ਅਤੇ ਰਹੁ-ਰੀਤਾਂ ਨੂੰ ਨਵੇਂ ਸੰਦਰਭ ਵਿਚ ਪ੍ਰਸਤੁਤ ਕਰਕੇ ਇਨ੍ਹਾਂ ਵਿਚਲੀ ਰੂਹਾਨੀ ਸਾਂਝ ਦੇ ਧਰਾਤਲ ਨੂੰ ਤਲਾਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਆਦਿ ਗ੍ਰੰਥ ਬਾਣੀ ਵਿਚ ਪੇਸ਼ ਹੋਈ ਸਭਿਆਚਾਰਕ ਕ੍ਰਾਂਤੀ ਦਾ ਮਹੱਤਵਪੂਰਣ ਪਹਿਲੂ ਸਮਾਜ ਦੇ ਦੱਬੇ-ਕੁਚਲੇ ਅਤੇ ਨਿਤਾਣੇ ਵਰਗਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨਾ ਹੈ। ਇਸ ਪ੍ਰਵਚਨ ਵਿਚ ਵਿਸ਼ੇਸ਼ ਤੌਰ ਤੇ ਹਾਕਮ ਸ਼੍ਰੇਣੀ ਦੀ ਲੁੱਟ-ਖਸੁੱਟ ਦੇ

ਸ਼ਿਕਾਰ ਮਿਹਨਤਕਸ਼ ਕਿਸਾਨਾਂ ਅਤੇ ਕਿਰਤੀਆਂ ਅਤੇ ਬ੍ਰਾਹਮਣਵਾਦੀ ਕਰਮਕਾਂਡ ਅਤੇ ਜਾਤੀ-ਪ੍ਰਥਾ ਹੱਥੋਂ ਸਤਾਏ ਹੋਏ ਦਲਿਤ ਵਰਗਾਂ ਦਾ ਪੱਖ ਪੂਰਿਆ ਗਿਆ ਹੈ। ਇਸੇ ਕਿਸਮ ਦੀ ਭਾਵਨਾ ਦਾ ਸਮੂਰਤ ਪ੍ਰਗਟਾਵਾ ਗੁਰੂ ਨਾਨਕ ਬਾਣੀ ਦੀਆਂ ਇਨ੍ਹਾਂ ਪੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸੁ। (ਸ੍ਰੀ ਗੁਰੂ ਗ੍ਰੰਥ ਸਾਹਿਬ, 15.)

ਇਸੇ ਤਰ੍ਹਾਂ ਭਗਤ ਕਬੀਰ ਨੇ ਵੀ ਆਪਣੀ ਬਾਣੀ ਰਾਹੀਂ ਮਨੁੱਖੀ ਸਮਾਜ ਨੂੰ ਕੁਲ ਅਤੇ ਜਾਤੀ ਦੇ ਆਧਾਰਾਂ ਅਨੁਸਾਰ ਵੰਡਣ ਵਾਲੀ ਮਿੱਥ ਨੂੰ ਤੋੜਿਆ ਹੈ ਕੀਤਾ ਹੈ। ਉਨ੍ਹਾਂ ਦਾ ਵਿਵੇਕ ਇਸ ਤੱਥ ਵਲ ਸੰਕੇਤ ਕਰਦਾ ਹੈ ਕਿ ਬ੍ਰਾਹਮਣ (ਕੁਲੀਨ) ਅਤੇ ਸੂਦ (ਦਲਿਤ) ਦੋਵੇਂ ਹੀ ਸੰਸਾਰ ਦੇ ਸਮੂਹ ਪ੍ਰਾਣੀਆਂ ਵਾਂਗ ਬ੍ਰਹਮ ਬਿੰਦੂ ਦੀ ਉਪਜ ਹਨ। ਇਨ੍ਹਾਂ ਵਿਚਕਾਰ ਸਿਰਜੀ ਗਈ ਵਿੱਥ ਮਸਨੂਈ ਹੈ। ਇਸ ਤਰ੍ਹਾਂ ਅਦਿ ਗ੍ਰੰਥ ਦਾ ਪ੍ਰਵਚਨ ਆਪਣੇ ਵੇਲੇ ਦੇ ਸਾਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਯਥਾਰਥ ਦੀ ਤਸਵੀਰ ਵੀ ਪੇਸ਼ ਕਰਦਾ ਹੈ ਅਤੇ ਮੋੜਵੇਂ ਰੂਪ ਵਿਚ ਤਤਕਾਲੀ ਇਤਿਹਾਸਕ ਵੰਗਾਰਾਂ ਨਾਲ ਨਜਿਠਣ ਵਾਲੇ ਕ੍ਰਾਂਤੀਕਾਰੀ ਸਭਿਆਚਾਰ ਦੀ ਸਿਰਜਣਾ ਵੀ ਕਰਦਾ ਹੈ।

ਇਸ ਦੌਰ ਦੀ ਦੂਸਰੀ ਮਹੱਤਵਪੂਰਣ ਸਾਹਿਤਕ ਪ੍ਰਾਪਤੀ ਸੂਫ਼ੀ ਕਾਵਿਧਾਰਾ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਬੁਨਿਅਦੀ ਤੌਰ ਤੇ ਸੂਫ਼ੀਵਾਦ ਦਾ ਸੰਬੰਧ ਇਸਲਾਮ ਨਾਲ ਹੈ ਪਰ ਇਹ ਕੁਰਾਨਸ਼ਰੀਫ਼ ਦੇ ਅੰਤਰਮੁਖੀ ਅਧਿਆਤਮਕ ਅਰਥਾਂ (ਜ਼ਾਹਰ ਦੀ ਥਾਵੇਂ ਬਾਤਿਨ ਅਰਥਾਂ) ਉੱਤੇ ਬਲ ਦੇਣ ਵਾਲੀ ਵਿਚਾਰਧਾਰਾ ਹੈ। ਇਸੇ ਲਈ ਅਨੇਕਾਂ ਵਿਚਾਰਵਾਨਾਂ ਨੇ ਇਸਨੂੰ ਇਸਲਾਮ ਦੀ ਰਹੱਸਵਾਦੀ ਵਿਆਖਿਆ ਦੇ ਰੂਪ ਵਿਚ ਵੀ ਦੇਖਣ ਦਾ ਉਪਰਾਲਾ ਵੀ ਕੀਤਾ ਹੈ। ਇਸ ਕਾਵਿਧਾਰਾ ਦਾ ਮੁੱਢ ਬੰਨ੍ਹਣ ਵਾਲੇ ਪੰਜਾਬ ਦੇ ਪ੍ਰਸਿੱਧ ਸੂਫ਼ੀ ਸੰਤ ਸ਼ੇਖ਼ ਫ਼ਰੀਦ ਹਨ ਜਿਨ੍ਹਾਂ ਦਾ ਜੀਵਨ ਕਾਲ 1173 ਈ. ਤੋਂ 1266 ਈ. ਤਕ ਹੈ।ਸ਼ੇਖ਼ ਫ਼ਰੀਦ (ਬਾਬਾ ਫ਼ਰੀਦ) ਦੇ ਵੱਡੇ ਵਡੇਰੇ ਭਾਵੇਂ ਬਾਹਰੋਂ ਆ ਕੇ ਪੰਜਾਬ ਦੀ ਧਰਤੀ ਉਪਰ ਵਸੇ ਸਨ ਪਰ ਇਨ੍ਹਾਂ ਨੇ ਆਪਣੇ ਆਪਨੂੰ ਸਥਾਨਕ ਸਭਿਆਚਾਰ ਦੀਆਂ ਰੀਤਾਂ ਅਤੇ ਰਵਾਇਤਾਂ ਅਨੁਸਾਰ ਢਾਲ ਲਿਆ ਅਤੇ ਇਥੋਂ ਦੀ ਬੋਲੀ (ਪੰਜਾਬੀ) ਵਿਚ ਹੀ ਕਾਵਿ ਸਿਰਜਣਾ ਕੀਤੀ। ਲੋਕ ਬੋਲੀ ਵਿਚ ਸੂਫ਼ੀ ਸ਼ਾਇਰੀ ਦੀ ਸਥਾਪਿਤ ਕੀਤੀ ਹੋਈ ਇਸ ਰਵਾਇਤ ਨੂੰ ਅਮੀਰ ਤੇ ਭਰਪੂਰ ਬਣਾਉਣ ਵਿਚ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇਸ਼ਾਹ ਅਤੇ ਗੁਲਾਮ ਫ਼ਰੀਦ ਵਰਗੇ ਮਹਾਨ ਸੂਫ਼ੀ ਸ਼ਾਇਰਾਂ ਨੇ ਵੱਡ-ਮੁੱਲਾ ਯੋਗਦਾਨ ਦਿੱਤਾ।

ਅਸਲ ਵਿਚ ਇਨ੍ਹਾਂ ਕਵੀਆਂ ਨੇ ਸ਼ਰ੍ਹਾਂ ਦੇ ਮੁਕਾਬਲੇ ਉੱਤੇ ਇਸ਼ਕ ਹਕੀਕੀ ਦਾ ਸੰਕਲਪ ਪੇਸ਼ ਕਰਦਿਆਂ ਧਾਰਮਿਕ ਚੇਤਨਾ ਨੂੰ ਰੂਹਾਨੀ ਅਨੁਭਵ ਅਤੇ ਬੋਧ ਨਾਲ ਜੋੜ ਦਿੱਤਾ । ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਸੂਫ਼ੀ ਸ਼ਾਇਰੀ ਪੰਜਾਬੀ ਲੋਕ ਵਿਰਸੇ ਦੀਆਂ ਰੀਤਾਂ ਅਤੇ ਰਵਾਇਤਾਂ ਨੂੰ ਮਨੁੱਖੀ ਜੀਵਨ ਦੇ ਸਦੀਵੀ ਸਰੋਕਾਰਾਂ ਦਾ ਪ੍ਰਗਟਾਵਾ ਕਰਦੀ ਹੈ। ਇਹ ਪੰਜਾਬੀ ਸਮਾਜ-ਸਭਿਆਚਾਰ ਵਿਚ ਪ੍ਰਚੱਲਤ ਰਸਮਾਂ-ਰੀਤਾਂ ਅਤੇ ਕਦਰਾਂ-ਕੀਮਤਾਂ ਨੂੰ ਸੰਚਾਰ-ਜੁਗਤਾਂ ਵਜੋਂ ਵਰਤਣ ਵਲ ਰੁਚਿਤ ਹੁੰਦੀ ਹੈ ਅਤੇ ਪ੍ਰਭਾਵਸ਼ਾਲੀ ਕਾਵਿ ਦਾ ਸਿਰਜਣ ਕਰਦੀ ਹੈ। ਮਹੱਤਵਪੂਰਣ ਗੱਲ ਇਹ ਕਿ ਪੰਜਾਬੀ ਸਾਹਿਤ ਦੀ ਸੂਫ਼ੀਆਨਾ ਰਵਾਇਤ ਦਾ ਵਿਚਾਰਧਾਰਾਈ ਆਧਾਰ ਭਗਤੀ ਕਾਵਿ ਅਤੇ ਗੁਰਬਾਣੀ ਨਾਲ ਮੇਲ ਖਾਂਦਾ ਹੈ। ਇਸਨੇ ਪੰਜਾਬੀ ਬੰਦੇ ਨੂੰ ਰੂਹਾਨੀ ਚੇਤਨਾ (ਤਸੱਵੁਫ਼) ਦੇ ਹਵਾਲੇ ਨਾਲ ਉਦਾਰ ਮਾਨਵਵਾਦੀ ਕਦਰਾਂ-ਕੀਮਤਾਂ ਅਤੇ ਇਨਸਾਨ-ਦੋਸਤੀ ਦਾ ਪੈਗ਼ਾਮ ਦਿੱਤਾ। ਇਸ ਤਰ੍ਹਾਂ ਇਸ ਧਾਰਾ ਦੇ ਸਹਿਤ ਨੇ ਸਰਬ-ਸਾਂਝੇ ਪੰਜਾਬੀ ਸਭਿਆਚਾਰ ਦੀ ਉਸਾਰੀ ਵਿਚ ਭਰਪੂਰ ਯੋਗਦਾਨ ਦਿੱਤਾ।

ਮੱਧਕਾਲੀ ਪੰਜਾਬੀ ਸਾਹਿੱਤ ਦੀ ਇਕ ਹੋਰ ਮਹੱਤਵਪੂਰਣ ਧਾਰਾ ਕਿੱਸਾ ਕਾਵਿ ਹੈ। ਇਸਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਮੱਧਕਾਲ ਦੀਆਂ ਹੋਰਨਾਂ ਕਾਵਿ-ਧਾਰਾਵਾਂ ਅਤੇ ਪ੍ਰਵਿਰਤੀਆਂ ਨਾਲੋਂ ਵੱਖਰੀ ਹੈ। ਜਿੱਥੇ ਨਾਥਬਾਣੀ, ਭਗਤਬਾਣੀ, ਗੁਰਬਾਣੀ ਅਤੇ ਸੂਫ਼ੀ ਸ਼ਾਇਰੀ ਨੂੰ ਮੂਲ ਰੂਪ ਵਿਚ ਧਾਰਮਿਕ ਕਾਵਿ ਦੇ ਅੰਤਰਗਤ ਰੱਖਿਆ ਜਾਂਦਾ ਹੈ ਉਥੇ ਕਿੱਸਾ ਕਾਵਿ ਦਾ ਚਰਿਤਰ ਲੌਕਿਕ ਕਾਵਿ ਵਾਲਾ ਹੈ। ਇਨ੍ਹਾਂ ਵਿਚ ਧਾਰਮਿਕ ਕਾਵਿ ਵਾਂਗ ਪਰਮਾਰਥ ਦੀ ਗੱਲ ਨਹੀਂ ਕੀਤੀ ਗਈ ਸਗੋਂ ਜੀਵਨ ਦੇ ਯਥਾਰਥ ਦੀ ਗੱਲ ਕੀਤੀ ਗਈ ਹੈ।

ਪੰਜਾਬੀ ਦੇ ਪ੍ਰਮੁੱਖ ਕਿੱਸਾਕਾਰਾਂ ਵਿਚ ਅਸੀਂ ਦਮੋਦਰ, ਮੁਕਬਲ, ਹਾਫ਼ਿਜ਼ ਬਰਖ਼ੁਰਦਾਰ, ਪੀਲੂ, ਵਾਰਿਸ, ਕਾਦਰਯਾਰ ਆਦਿ ਦਾ ਨਾਮ ਲੈ ਸਕਦੇ ਹਾਂ। ਇਨ੍ਹਾਂ ਸ਼ਾਇਰਾਂ ਨੇ ਪੰਜਾਬੀ ਕਿੱਸਾ ਕਾਵਿ ਦੀ ਪਰੰਪਰਾ ਨੂੰ ਅਮੀਰ ਤੇ ਭਰਪੂਰ ਬਣਾਇਆ ਹੈ। ਪੰਜਾਬੀ ਦੇ ਵਧੇਰੇ ਕਿੱਸੇ ਪਿਆਰ ਜਾਂ ਇਸ਼ਕ ਦੇ ਦੁੱਖਾਂਤ ਨੂੰ ਪੇਸ਼ ਕਰਦੇ ਹਨ। ਇਹ ਗੱਲ ਵੇਲੇ ਦੀ ਸਾਮਾਜਿਕ ਆਰਥਿਕ ਵਿਵਸਥਾ ਦੇ ਅਨੁਕੂਲ ਵੀ ਹੈ। ਕਾਰਣ ਇਹ ਹੈ ਕਿ ਜਾਗੀਰਦਾਰੀ ਸਮਾਜ ਦੀਆਂ ਸੰਸਥਾਵਾਂ ਸਮੂਹਭਾਵੀ ਹੁੰਦੀਆਂ ਹਨ ਜਿਨ੍ਹਾਂ ਵਿਚ ਵਿਅਕਤੀ ਨੂੰ ਸੁਤੰਤਰ ਨਿਰਣੇ ਕਰਨ ਦੀ ਖੁਲ੍ਹ ਨਹੀਂ ਹੁੰਦੀ। ਹੀਰ ਦਾ ਰਾਂਝੇ ਨਾਲ ਇਸ਼ਕ ਸਮਾਜ ਦੀਆਂ ਪ੍ਰਚੱਲਤ ਕਦਰਾਂ-ਕੀਮਤਾਂ ਦੇ ਅਨੁਕੂਲ ਨਹੀਂ। ਇਨ੍ਹਾਂ ਕਿੱਸਿਆਂ ਦੀ ਗਲਪ-ਵਿਧੀ ਰੋਮਾਂਸ ਕਥਾ ਨਾਲ ਮੇਲ ਖਾਂਦੀ ਹੈ ਜਿਸ ਵਿਚ ਆਦਰਸ਼ਕ ਵਿਅਕਤੀਆਂ ਨੂੰ ਮੁਖ-ਪਾਤਰ ਜਾਂ ਨਾਇਕ ਵਜੋਂ ਪੇਸ਼ ਕੀਤਾ ਜਾਂਦਾ ਹੈ।

ਪੰਜਾਬੀ ਕਿੱਸਿਆਂ ਦੇ ਨਾਇਕ ਆਮ ਤੌਰ ਤੇ ਆਸ਼ਕ, ਯੋਧੇ ਜਾਂ ਫ਼ਕੀਰ ਹੁੰਦੇ ਹਨ ਜੋ ਸਥਾਪਿਤ ਕਦਰਾਂ-ਕੀਮਤਾਂ ਤੋਂ ਵਿਦਰੋਹ ਕਰਦੇ ਹੋਏ ਨੈਤਿਕਤਾ ਦੇ ਨਵੇਂ ਪ੍ਰਤਿਮਾਨ ਸਥਾਪਿਤ ਕਰਦੇ ਹਨ। ਮਿਸਾਲ ਵਜੋਂ ਜੇ ਹੀਰ ਦੇ ਕਿੱਸੇ ਵਿਚ ਪ੍ਰਚੱਲਤ ਵਿਆਹ ਪ੍ਰਥਾ ਦੀਆਂ ਸਮੂਹ-ਭਾਵੀ ਕਦਰਾਂ-ਕੀਮਤਾਂ ਨੂੰ ਨਕਾਰਿਆ ਗਿਆ ਹੈ ਤਾਂ ਇਸ ਵਿਚ ਮਨੁੱਖੀ ਰਿਸ਼ਤਿਆ ਨੂੰ ਜੋੜਨ ਵਿਚ ਵਿਅਕੀਗਤ ਸੁਤੰਤਰਤਾ ਦੇ ਮਹੱਤਵ ਨੂੰ ਵੀ ਪਛਾਣਿਆਂ ਗਿਆ ਹੈ।

ਪੰਜਾਬੀ ਦੀਆਂ ਪ੍ਰਸਿੱਧ ਪ੍ਰੀਤ ਕਹਾਣੀਆਂ ਪਹਿਲੋਂ ਦੰਤ-ਕਥਾਵਾਂ ਦੇ ਰੂਪ ਵਿਚ ਪ੍ਰਚੱਲਤ ਹੋਈਆਂ ਬਾਦ ਵਿਚ ਇਨ੍ਹਾਂ ਨੂੰ ਕਿੱਸਾਕਾਰਾਂ ਨੇ ਆਪਣੀ ਸਿਰਜਣਾਤਮਕ ਕਲਪਨਾ ਰਾਹੀਂ ਨਵਾਂ ਰੂਪ ਪ੍ਰਦਾਨ ਕਰ ਕੇ ਕਿੱਸਿਆਂ ਵਿਚ ਢਾਲ ਦਿੱਤਾ। ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਬਿਰਤਾਂਤ ਦੀ ਉਸਾਰੀ ਕਰਦਿਆਂ ਤਤਕਾਲੀ ਸਮਾਜ ਸਭਿਆਚਾਰ ਦਾ ਜੀਵੰਤ ਬਿੰਬ ਪੇਸ਼ ਕਰਨ ਦੀ ਚੇਸ਼ਟਾ ਵੀ ਕੀਤੀ ਹੈ। ਇਹੀ ਕਾਰਣ ਹੈ ਕਿ ਇਹ ਕਿੱਸੇ ਪੰਜਾਬੀਆਂ ਦੀ ਜੀਵਨ ਵਿਧੀ, ਉਨ੍ਹਾਂ ਦੇ ਸੁਭਾ ਅਤੇ ਚਰਿਤਰ ਨੂੰ ਵੀ ਭਲੀ ਭਾਂਤ ਮੂਰਤੀਮਾਨ ਕਰਦੇ ਹਨ। ਮਿਸਾਲ ਵਜੋਂ ਜਦੋਂ ਅਸੀਂ ਕਿੱਸਾ ਹੀਰ-ਵਾਰਿਸ ਪੜ੍ਹਦੇ ਹਾਂ ਤਾਂ ਉਸ ਵੇਲੇ ਦਾ ਪੰਜਾਬੀ ਸਮਾਜ ਆਪਣੀਆਂ ਰੀਤਾਂ ਅਤੇ ਰਵਾਇਤਾਂ ਸਮੇਤ ਸਾਕਾਰ ਹੋ ਉਠਦਾ ਹੈ।

ਕਿੱਸਾ-ਕਾਵਿ ਦਾ ਸਿਰਜਿਤ ਬਿਰਤਾਂਤ ਦੇ ਮਾਧਿਅਮ ਰਾਹੀਂ ਪੰਜਾਬੀ ਸਭਿਆਚਾਰ ਦੇ ਅਵਚੇਤਨ ਨੂੰ ਫਰੋਲਦਾ ਹੈ ਅਤੇ ਪ੍ਰਤੀਕਾਤਮਕ ਪੱਧਰ ਉੱਤੇ ਪੰਜਾਬੀਅਤ ਦੀ ਪਹਿਚਾਣ ਨਿਰਧਾਰਿਤ ਕਰਦਾ ਹੈ। ਇਹ ਕਾਮਨਾ ਦੇ ਸੰਜਮ ਅਤੇ ਜਸ਼ਨ ਦਾ ਬਿਰਤਾਂਤ ਸਿਰਜਦੇ ਹਨ। ਮਿਸਾਲ ਵਜੋਂ ਇਸਦੇ ਸਿਰਜੇ ਹੋਏ ਨਾਇਕ – ਪੂਰਨ, ਰਸਾਲੂ, ਰਾਂਝਾ, ਮਿਰਜ਼ਾ, ਦੁੱਲਾ ਭੱਟੀ, ਪੁੰਨੂੰ ਅਤੇ ਮਹੀਵਾਲ ਪੰਜਾਬੀ ਕਿਰਦਾਰ ਦੀ ਪ੍ਰਤਿਨਿਧਤਾ ਵੀ ਕਰਦੇ ਹਨ ਉਸਦੇ ਸਭਿਆਚਾਰਕ ਆਦਰਸ਼ ਵੀ ਬਣਦੇ ਹਨ।

ਮੱਧਕਾਲੀ ਪੰਜਾਬੀ ਸਾਹਿੱਤ ਦੀ ਇਕ ਹੋਰ ਪ੍ਰਮੁੱਖ ਕਾਵਿਧਾਰਾ ਵਾਰ ਕਾਵਿ ਹੈ। ਪੰਜਾਬੀ ਵਿਚ ਵਾਰ ਇਕ ਅਜਿਹੇ ਕਾਵਿ ਰੂਪ ਦੇ ਤੌਰ ਤੇ ਵਿਕਸਿਤ ਹੋਇਆ ਹੈ ਜਿਸਦੇ ਅੰਤਰਗਤ ਵੀਰ ਰਸ ਦਾ ਵਿਧਾਨ ਸਿਰਜਿਆ ਜਾਂਦਾ ਹੈ। ਵਾਰ ਦੇ ਰੂਪਾਕਾਰ ਦੀ ਪ੍ਰਮੁੱਖ ਵਿਸ਼ੇਸ਼ਤਾ ਸੰਘਰਸ਼ ਜਾਂ ਟੱਕਰ ਮੰਨੀ ਜਾ ਸਕਦੀ ਹੈ। ਇਸ ਟੱਕਰ ਦੇ ਅਨੇਕਾਂ ਰੂਪ ਹੋ ਸਕਦੇ ਹਨ। ਇਹ ਟੱਕਰ ਦੋ ਯੋਧਿਆਂ ਵਿਚਕਾਰ ਹੋ ਸਕਦੀ ਹੈ, ਨੇਕੀ ਅਤੇ ਬਦੀ ਵਿਚਕਾਰ ਹੋ ਸਕਦੀ ਹੈ ਅਤੇ ਦੋ ਵਿਚਾਰਾਂ ਜਾਂ ਵਿਚਾਰਧਾਰਾਵਾਂ ਵਿਚਕਾਰ ਵੀ ਹੋ ਸਕਦੀ ਹੈ। ਇਤਨਾ ਅਵੱਸ਼ ਹੈ ਕਿ ਵਾਰ ਵਿਚ ਨਾਇਕ ਦੀ ਵੀਰਤਾ ਜਾਂ ਨੇਕੀ ਦਾ ਯਸ਼ ਗਾਇਨ ਜ਼ਰੂਰ ਹੁੰਦਾ ਹੈ।

ਪੰਜਾਬੀ ਸਾਹਿੱਤ ਵਿਚ ਦੋ ਤਰ੍ਹਾਂ ਦੀਆਂ ਵਾਰਾਂ ਦੀ ਰਚਨਾ ਹੋਈ ਹੈ – ਵੀਰ ਰਸੀ ਵਾਰਾਂ ਤੇ ਅਧਿਆਤਮਕ ਵਾਰਾਂ। ਵੀਰ ਰਸੀ ਵਾਰਾਂ ਵਿਚ ਆਮ ਤੌਰ ਤੇ ਯੁੱਧ ਦਾ ਵੀਰ ਰਸ ਭਰਪੂਰ ਬਿਰਤਾਂਤ ਸਿਰਜਿਆ ਜਾਂਦਾ ਹੈ ਜਦੋਂ ਕਿ ਅਧਿਆਤਮਕ

ਵਾਰਾਂ ਵਿਚ ਸ਼ਾਂਤ ਰਸ ਦੀ ਸਿਰਜਣਾ ਕੀਤੀ ਗਈ ਹੈ। ਪੰਜਾਬੀ ਵਾਰ ਸਾਹਿਤ ਵਿਚ ਮੁੱਢਲਾ ਸਥਾਨ ਉਨ੍ਹਾਂ ਲੋਕ ਵਾਰਾਂ ਦਾ ਹੈ ਜਿਨ੍ਹਾਂ ਦੇ ਹਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਲਦੇ ਹਨ। ਇਨ੍ਹਾਂ ਵਿਚੋਂ ਕੁਝ ਵਾਰਾਂ ਹਨ – ਰਾਇ ਕਮਾਲ ਮਉਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲੱਲੇ ਬਹਿਲੀਮੇ ਦੀ ਵਾਰ, ਹਸਨੇ ਮਹਿਮੇ ਦੀ ਵਾਰ, ਮੂਸੇ ਦੀ ਵਾਰ ਆਦਿ। ਇਨ੍ਹਾਂ ਲੋਕ ਵਾਰਾਂ ਵਿਚ ਭਿੰਨ ਭਿੰਨ ਰਾਜਿਆਂ ਰਜਵਾੜਿਆਂ ਵਿਚਕਾਰ ਯੁੱਧ ਅਤੇ ਸੰਘਰਸ਼ ਦਾ ਵੀਰ ਰਸ ਭਰਪੂਰ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਪਰ ਇਨ੍ਹਾਂ ਵਾਰਾਂ ਦੇ ਅੱਧੇ ਅਧੂਰੇ ਪਾਠ ਹੀ ਪ੍ਰਾਪਤ ਹਨ।

ਵੀਰ ਰਸੀ ਵਾਰ ਦੀ ਪਰੰਪਰਾ ਵਿਚ ਗੁਰੂ ਗੋਬਿੰਦ ਸਿੰਘ ਦੀ ਚੰਡੀ ਦੀ ਵਾਰ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਵਾਰ ਵਿਚ ਗੁਰੂ ਕਵੀ ਨੇ ਮਾਰਕੰਡੇ ਪੁਰਾਣ ਦੀ ਮਿਥਿਹਾਸਕ ਕਥਾ ਨੂੰ ਲੈ ਕੇ ਦੇਵਤਿਆਂ ਅਤੇ ਰਾਖਸ਼ਾਂ ਦੇ ਯੁੱਧ ਦਾ ਵੀਰਤਾ ਪੂਰਣ ਬਿਰਤਾਂਤ ਪੇਸ਼ ਕੀਤਾ ਹੈ। ਇਹ ਵਾਰ ਪ੍ਰਤੀਕਾਤਮਕ ਤੌਰ ਤੇ ਨੇਕੀ ਅਤੇ ਬਦੀ ਵਿਚਕਾਰ ਸੰਘਰਸ਼ ਨੂੰ ਮੂਰਤੀਮਾਨ ਕਰਦੀ ਹੈ ਅਤੇ ਵੀਰ ਭਾਵਨਾ ਦਾ ਸੰਚਾਰ ਕਰਦੀ ਹੈ। ਇਸ ਤੋਂ ਬਾਦ ਪੰਜਾਬੀ ਵਿਚ ਅਨੇਕਾਂ ਵੀਰ ਰਸੀ ਵਾਰਾਂ ਦੀ ਸਿਰਜਣਾ ਹੋਈ। ਜਿਨ੍ਹਾਂ ਵਿਚ ਮੁੱਖ ਤੌਰ ਤੇ ਨਜਾਬਤ ਦੀ ਨਾਦਰਸ਼ਾਹ ਦੀ ਵਾਰ, ਭਾਈ ਗੁਰਦਾਸ ਦੂਜੇ ਦੀ ਗੁਰੂ ਖ਼ਾਲਸੇ ਦੀ ਵਾਰ, ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ, ਸਿੰਘਾਂ ਦੀ ਵਾਰ, ਮਹਾਂ ਸਿੰਘ ਦੀ ਵਾਰ, ਹਰੀ ਸਿੰਘ ਨਲਵੇ ਦੀ ਵਾਰ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਪੰਜਾਬੀ ਵਾਰ ਸਾਹਿਤ ਵਿਚ ਵੀ ਪੰਜਾਬੀ ਸਭਿਆਚਾਰ ਦੇ ਉਨ੍ਹਾਂ ਮੀਰੀ ਗੁਣਾਂ ਦੀ ਪੇਸ਼ਕਾਰੀ ਸਾਮ੍ਹਣੇ ਅਉਂਦੀ ਹੈ ਜੋ ਪੰਜਾਬੀ ਬੰਦੇ ਦੇ ਅਵਚੇਤਨ ਵਿਚ ਵਸੇ ਹੋਏ ਹਨ ਉਸਨੂੰ ਅਣਖ ਅਤੇ ਸਵੈਮਾਣ ਨਾਲ ਜਿਉਣ ਜਾਂ ਹੱਕ-ਇਨਸਾਫ਼ ਲਈ ਜੂਝਦੇ ਹੋਏ ਮਰ ਮਿਟਣ ਲਈ ਪ੍ਰੇਰਦੇ ਹਨ।

ਪੰਜਾਬੀ ਸਾਹਿਤ ਦਾ ਮੱਧਕਾਲੀਨ ਦੌਰ ਹੱਕੀ ਤੌਰ ਤੇ ਇਸਦਾ ਸੁਨਹਿਰੀ ਯੁੱਗ ਅਖਵਾਉਂਦਾ ਹੈ। ਇਕ ਪਾਸੇ ਅਧਿਆਤਮ-ਚਿੰਤਨ ਅਤੇ ਚੇਤਨਾ ਦੀ ਤਰਜਮਾਨੀ ਕਰਨ ਵਾਲੀਆਂ ਗੁਰਮਤਿ ਕਾਵਿ, ਭਗਤੀ ਕਾਵਿ ਅਤੇ ਸੂਫੀ ਸ਼ਾਇਰੀ ਵਰਗੀਆਂ ਗੌਰਵਮਈ ਕਾਵਿਧਾਰਾਵਾਂ ਅਤੇ ਦੂਸਰੇ ਪਾਸੇ ਆਸ਼ਕੀ, ਫ਼ਕੀਰੀ ਅਤੇ ਸੂਰਮਗਤੀ ਦੇ ਹਵਾਲੇ ਨਾਲ ਲੌਕਿਕ ਜੀਵਨ-ਅਨੁਭਵ ਦੇ ਉੱਦਾਤ ਸੋਮਿਆਂ ਦੀ ਤਲਾਸ਼ ਕਰਨ ਵਾਲਾ ਕਿੱਸਾ ਕਾਵਿ, ਵਾਰ ਕਾਵਿ ਅਤੇ ਜੰਗਨਨਾਮਾ ਸਾਹਿਤ, ਇਸ ਦੌਰ ਦੀ ਭਰਪੂਰ ਸਾਹਿਤਕ ਅਮੀਰੀ ਦਾ ਲਖਾਇਕ ਹੈ। ਇਸ ਸਮੁੱਚੇ ਸਾਹਿਤ ਨੇ ਪੰਜਾਬੀ ਬੰਦੇ ਦੀ ਨਵੇਕਲੀ ਸਭਿਆਚਾਰਕ ਪਹਿਚਾਣ ਸਥਾਪਿਤ ਕਰਨ ਦਾ ਉਪਰਾਲਾ ਕੀਤਾ। ਇਸ ਨੇ ਆਪੇ ਤੇ ਬ੍ਰਹਿਮੰਡ ਨਾਲ ਇਕਸੁਰ ਹੋਕੇ ਜਿਉਣ ਵਾਲੇ ਅਜਿਹੇ ਮਾਨਵ ਦਾ ਸੰਕਲਪ ਪ੍ਰਸਤੁਤ ਕੀਤਾ ਜੋ ਇਨਸਾਨ-ਦੋਸਤੀ, ਭਾਈਚਾਰੇ ਅਤੇ ਸਰਬ-ਸਾਂਝ ਦਾ ਮਾਰਗ ਅਪਣਾਉਂਦਾ ਹੈ। ਇਹ

ਨਵਾਂ ਮਾਨਵ ਹਰ ਕਿਸਮ ਦੀ ਦਮਨਕਾਰੀ ਵਿਵਸਥਾ ਜਾਂ ਅਤਿਆਚਾਰੀ ਸ਼ਾਸਨ ਦੇ ਖਿਲਾਫ ਨਾਬਰੀ ਦੀ ਆਵਾਜ਼ ਬੁਲੰਦ ਕਰਦਾ ਹੈ।

ਇਸ ਤੋਂ ਉਪਰੰਤ ਪੰਜਾਬੀ ਸਾਹਿਤ-ਸਭਿਆਚਾਰ ਦੇ ਵਰਤਮਾਨ ਦੀ ਗੱਲ ਕੀਤੀ ਜਾ ਸਕਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤ-ਸਭਿਆਚਾਰ ਦਾ ਇਹ ਦੌਰ 1849 ਵਿਚ ਪੰਜਾਬ ਉੱਤੇ ਅੰਗ੍ਰੇਜ਼ਾਂ ਦੇ ਕਬਜ਼ੇ ਨਾਲ ਸ਼ੁਰੂ ਹੁੰਦਾ ਹੈ ਅਤੇ ਸੁਤੰਤਰਤਾ ਪ੍ਰਾਪਤੀ ਤੋਂ ਬਾਦ ਅਜੋਕੇ ਸਮੇਂ ਤਕ ਫੈਲਿਆ ਹੋਇਆ ਹੈ। ਇਸ ਦੌਰ ਦੀ ਮੁੱਖ ਵਿਸ਼ੇਸ਼ਤਾ ਪੱਛਮ ਦੇ ਵਧ ਰਹੇ ਪ੍ਰਭਾਵ ਕਾਰਣ ਸਾਹਿਤ ਸਭਿਆਚਾਰ ਦੀ ਬਦਲਦੀ ਨੁਹਾਰ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਚੇਤਨਾ ਅਤੇ ਸੰਵੇਦਨਾ ਦੀ ਦ੍ਰਿਸ਼ਟੀ ਤੋਂ ਇਸ ਨਵੇਂ ਦੌਰ ਨੂੰ ਆਧੁਨਿਕਤਾ ਦਾ ਦੌਰ ਆਖਿਆ ਜਾਂਦਾ ਹੈ ਜੋ ਮੱਧਕਾਲੀ ਚੇਤਨਾ ਤੇ ਸੰਵੇਦਨਾ ਨਾਲੋਂ ਮੌਲਿਕ ਤੌਰ ਤੇ ਭਿੰਨ ਤੇ ਵਿਲੱਖਣ ਹੋ ਨਿਬੜਦਾ ਹੈ। ਇਸ ਦੌਰ ਵਿਚ ਪੰਜਾਬੀ ਸਾਹਿਤ ਵਿਚ ਨਵੇਂ ਰੂਪਾਂ ਤੇ ਰੂਪਾਕਰਾਂ ਦਾ ਭਰਪੂਰ ਵਿਕਾਸ ਹੁੰਦਾ ਹੈ ਜੋ ਵਿਸਤ੍ਰਿਤ ਅਧਿਐਨ ਦੀ ਮੰਗ ਕਰਦਾ ਹੈ। ਇਸ ਦੌਰ ਵਿਚ ਪੰਜਾਬੀ ਸਮਾਜ-ਸਭਿਆਚਾਰ ਤੇ ਸਾਹਿਤ ਨੂੰ ਪ੍ਰਭਾਵਿਤ ਕਰਨ ਵਾਲੀਆਂ ਅਨੇਕਾਂ ਲਹਿਰਾਂ ਤੇ ਪ੍ਰਵਿਰਤੀਆਂ ਉੱਭਰਦੀਆਂ ਹਨ ਜੋ ਪੰਜਾਬੀ ਬੰਦੇ ਦੀ ਜੀਵਨ-ਵਿਧੀ ਤੇ ਸਾਹਿਤ-ਸਿਰਜਣਾ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ।

ਅਜੋਕੇ ਦੌਰ ਨੂੰ ਵਿਸ਼ਵੀਕਰਣ ਦਾ ਦੌਰ ਆਖਿਆ ਜਾਂਦਾ ਹੈ ਜੋ ਸਮੁੱਚੇ ਵਿਸ਼ਵ ਦੀ ਦਿਨੋ-ਦਿਨ ਬਦਲ ਰਹੀ ਨੁਹਾਰ ਦਾ ਸੂਚਕ ਹੈ। ਵਿਸ਼ਵੀਕਰਣ ਕੀ ਹੈ? ਇਸਦਾ ਸਥਾਨਕਤਾ ਨਾਲ ਕੀ ਸੰਬੰਧ ਹੈ? ਅਤੇ ਇਸਨੇ ਸਾਹਿਤ-ਸਭਿਆਚਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਤਲਾਸ਼ ਕਰਨ ਲਈ ਸਾਨੂੰ ਵਰਤਮਾਨ ਵਿਵਸਥਾ ਦੀ ਇਤਿਹਾਸਕ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਨਾ ਪਵੇਗਾ। ਵਿਗਿਆਨ ਅਤੇ ਟੈਕਨਾਲੋਜੀ ਦੇ ਭਰਪੂਰ ਵਿਕਾਸ ਅਤੇ ਸੰਚਾਰ-ਮਾਧਿਅਮਾਂ ਵਿਚ ਹੋ ਰਹੇ ਕ੍ਰਾਂਤੀਕਾਰੀ ਪਰਿਵਰਤਨਾਂ ਨੇ ਗਿਆਨ-ਖੇਤਰ ਵਿਚ ਵਿਸਫੋਟ ਦੀ ਇਕ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਨੇ ਸਮੁੱਚੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਸਮੇਂ ਅਤੇ ਸਥਾਨ ਦੀ ਦੂਰੀ ਇਸ ਤਰ੍ਹਾਂ ਸਿਮਟ ਗਈ ਹੈ ਕਿ ਸਮੁੱਚਾ ਵਿਸ਼ਵ ਅੱਜ ਸੁੰਗੜ ਕੇ ਇਕ ਵਿਸ਼ਵ-ਪਿੰਡ ਜਾਂ ਗਲੋਬਲ ਵਿਲੇਜ ਬਣ ਗਿਆ ਹੈ। ਗਿਆਨ ਦੇ ਇਸ ਵਿਸਫੋਟ ਨੇ ਜਿੱਥੇ ਵਿਸ਼ਵ-ਵਿਆਪੀ ਚੇਤਨਾ ਨੂੰ ਜਨਮ ਦਿੱਤਾ ਹੈ ਓਥੇ ਇਸ ਨੇ ਬਹੁ-ਰਾਸ਼ਟਰੀ ਸਰਮਾਏ ਲਈ ਸ਼ੋਸ਼ਣ ਦਾ ਰਾਹ ਵੀ ਪੱਧਰਾ ਕਰ ਦਿੱਤਾ ਹੈ। ਸਮਕਾਲੀ ਸ਼ਬਦਵਲੀ ਅਨੁਸਾਰ ਇਸੇ ਨੂੰ ਹੀ ਗਲੋਬਲਾਈਜ਼ੇਸ਼ਨ  ਜਾਂ ਵਿਸ਼ਵੀਕਰਣ ਦੀ ਪ੍ਰਕਿਰਿਆ ਵੀ ਆਖਿਆ ਜਾਂਦਾ ਹੈ।ਗਲੋਬਲਾਈਜ਼ੇਸ਼ਨ ਦੀ ਇਹ ਪ੍ਰਕਿਰਿਆ ਭਾਵੇਂ ਸਰਮਾਏਦਾਰੀ ਅਰਥ-ਵਿਵਸਥਾ ਦੇ ਦੌਰ ਵਿਚ ਹੀ ਸ਼ੁਰੂ ਹੋ ਚੁੱਕੀ ਸੀ ਪਰ ਅਜੋਕੇ ਸਮੇ ਇਸ ਵਿਚ ਹੈਰਾਨ-ਕੁੰਨ ਤੇਜ਼ੀ ਆਈ ਹੈ। ਇਸ ਦਾ ਸੰਬੰਧ ਸੋਵੀਅਤ ਯੂਨੀਅਨ ਦੇ ਵਿਗਠਨ

ਤੋਂ ਉਪਰੰਤ ਵਿਸ਼ਵ-ਰੰਗਮੰਚ ਉੱਤੇ ਮੰਡੀ-ਆਰਥਕਤਾ ਅਤੇ ਕੰਜ਼ਿਊਮਰ-ਕਲਚਰ ਦੀ ਨੁਮਾਇੰਦਗੀ ਕਰਨ ਵਾਲੀ ਇਕ-ਧਰੁਵੀ ਵਿਸ਼ਵ-ਵਿਵਸਥਾ ਦੀ ਉਸਾਰੀ ਨਾਲ ਹੈ। ਪਾਰ-ਰਾਸ਼ਟਰੀ ਸਰਮਾਏ ਦੀ ਚੌਧਰ ਸਥਾਪਿਤ ਕਰਨ ਵਾਲੀ ਇਹ ਨਵੀਂ ਵਿਸ਼ਵ-ਵਿਵਸਥਾ ਕਿ ਵਿਸ਼ੇਸ਼ ਭਾਂਤ ਦੇ ਸਭਿਆਚਾਰਕ ਬਸਤੀਵਾਦ ਨੂੰ ਉਤਸਾਹਿਤ ਕਰਦੀ ਹੈ ਅਤੇ ਸਥਾਨਕ ਸਭਿਆਚਾਰਾਂ ਦੀ ਵੰਨ-ਸੁਵੰਨਤਾ ਨੂੰ ਮਿਟਾਉਣ ਵਲ ਰੁਚਿਤ ਹੁੰਦੀ ਹੈ। ਅੱਜ ਸਥਾਨਕ ਸਭਿਆਚਾਰਾਂ ਲਈ ਇਸ ਚੁਣੌਤੀ ਨਾਲ ਨਜਿੱਠਣਾ ਮੂਲ ਸਮੱਸਿਆ ਬਣੀ ਹੋਈ ਹੈ।

ਚਿੰਤਨ ਅਤੇ ਚੇਤਨਾ ਦੇ ਨਵੇਂ ਮਾਹੌਲ ਵਿਚ ਗਲੋਬਲ ਸ਼ਬਦ ਅੱਜ ਸਿਰਫ਼ ਸਮੁੱਚੇ ਵਿਸ਼ਵ ਜਾਂ ਭੂ-ਮੰਡਲ ਦਾ ਲਖਾਇਕ ਨਹੀਂ ਰਿਹਾ ਸਗੋਂ ਬਹੁ-ਰਾਸ਼ਟਰੀ ਸਰਮਾਏ ਦੇ ਵਧ ਰਹੇ ਪ੍ਰਭਾਵ ਵਜੋਂ ਉੱਸਰ ਰਹੀ ਨਵੀਂ ਵਿਸ਼ਵ-ਵਿਵਸਥਾ ਵਲ ਵੀ ਸੰਕੇਤ ਕਰਦਾ ਹੈ। ਇਸ ਤਰ੍ਹਾਂ ਇਸ ਸ਼ਬਦ ਦੀਆਂ ਅਰਥ-ਧੁਨੀਆਂ ਸਮਾਜ ਅਤੇ ਸਭਿਆਚਾਰ ਦੇ ਧਰਾਤਲ ਉੱਤੇ ਲੁਕਵੇਂ ਜਾਂ ਪ੍ਰਗਟ ਸੱਤਾ- ਸੰਘਰਸ਼ਾਂ, ਵਿਚਾਰਧਾਰਾਈ ਵਿਰੋਧਾਂ ਅਤੇ ਅੰਤਰ-ਵਿਰੋਧਾਂ ਦੀ ਦੱਸ ਵੀ ਪਾਉਂਦੀਆਂ ਹਨ। ਅਸਲ ਵਿਚ ਲੋਕਲ ਅਤੇ ਗਲੋਬਲ ਪਰਸਪਰ ਸੰਬੰਧਿਤ ਸੰਕਲਪ ਹਨ। ਇਹ ਦੋਵੇਂ ਸੰਕਲਪ ਆਰਥਕ ਅਤੇ ਰਾਜਨੀਤਕ ਧਰਾਤਲ ਉੱਤੇ ਹੀ ਨਹੀਂ ਸਗੋਂ ਸਭਿਆਚਾਰ ਅਤੇ ਗਿਆਨ-ਸ਼ਾਸਤਰ ਦੇ ਧਰਾਤਲ ਉੱਤੇ ਵੀ ਇਕ ਦੂਸਰੇ ਨੂੰ ਮੋੜਵੇਂ ਰੂਪ ਵਿਚ ਪ੍ਰਭਾਵਿਤ ਕਰਦੇ ਹਨ।

ਵਿਸ਼ਵੀਕਰਣ ਦੀ ਇਸ ਪ੍ਰਕਿਰਿਆ ਨੇ ਸਮਕਾਲੀ ਸਾਹਿਤ-ਸਭਿਆਚਾਰ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸਦਾ ਅਸਰ ਵਿਸ਼ੇਸ਼ ਤੌਰ ਤੇ ਸਮਕਾਲੀ ਕਵਿਤਾ ਅਤੇ ਕਹਾਣੀ ਵਿਚ ਦੇਖਿਆ ਜਾ ਸਕਦਾ ਹੈ। ਪਾਰ-ਰਾਸ਼ਟਰੀ ਸਰਮਾਇਦਾਰੀ ਨੇ ਵਿਕਸਿਤ ਸੰਚਾਰ-ਮਾਧਿਅਮਾਂ ਦੀ ਵਰਤੋਂ ਰਾਹੀਂ ਮੰਡੀ ਅਰਥ-ਚਾਰੇ ਅਤੇ ਖਪਤ-ਸਭਿਆਚਾਰ ਨੂੰ ਉਤਸਾਹਿਤ ਕਰਕੇ ਸਾਡੇ ਆਲ-ਦੁਆਲੇ ਇਕ ਅਜਿਹਾ ਯਥਾਰਥ (ਜਾਂ ਅਤਿ-ਯਥਾਰਥ) ਸਿਰਜ ਦਿੱਤਾ ਹੈ ਜੋ ਚੀਜ਼ਾਂ-ਵਸਤਾਂ ਦੇ ਮਸਨੂਈ ਬਿੰਬਾਂ ਦੀ ਭਰਮਾਰ ਦਾ ਲਖਾਇਕ ਹੈ। ਇਸ ਮਸਨੂਈ ਕਿਸਮ ਦੇ ਯਥਾਰਥ-ਬੋਧ ਨੇ ਸਾਡੇ ਪਰੰਪਰਕ ਜੀਵਨ-ਮੁੱਲਾਂ ਅਤੇ ਸਹਿਜ-ਤੋਰੇ ਤੁਰ ਰਹੀ ਜੀਵਨ-ਜਾਚ ਲਈ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਵਿਵਸਥਾ ਦਾ ਵਿਚਾਰਧਾਰਾਈ ਉਸਾਰ ਉਲਾਰ ਕਾਮੁਕਤਾ ਅਤੇ ਛਿਣ-ਭੰਗਰੀ ਸੁਖ ਦੀ ਲਾਲਸਾ ਨੂੰ ਉਤੇਜਿਤ ਕਰਨ ਵਾਲਾ ਹੈ ਕਿਉਂਜੋ ਇਸੇ ਵਿਚ ਹੀ ਇਸਦੇ ਆਰਥਕ ਹਿੱਤਾਂ ਦੀ ਪੂਰਤੀ ਲੁਕੀ ਹੋਈ ਹੈ। ਸਮਕਾਲੀ ਸਾਹਿਤ ਵਿਚ ਇਸੇ ਸਥਿਤੀ ਦਾ ਪ੍ਰਗਟਾਵਾ ਵਧੇਰੇ ਹੋ ਰਿਹਾ ਹੈ।

ਸੰਕਟ ਦੀ ਇਸ ਸਥਿਤੀ ਵਿਚੋਂ ਨਿਕਲਣ ਦਾ ਕੇਵਲ ਇਕੋ-ਇਕ ਰਸਤਾ ਹੈ। ਉਹ ਹੈ ਸਥਾਨਕਤਾ ਦੀ ਸਮਝ ਅਤੇ ਸੂਝ ਨੂੰ ਉਜਾਗਰ ਕਰਨਾ ਅਤੇ ਆਪਣੇ ਵਿਰਸੇ ਦੀਆਂ ਰਵਾਇਤੀ ਕਦਰਾਂ-ਕੀਮਤਾਂ ਦੇ ਮਹੱਤਵ ਨੂੰ ਪਛਾਨਣਾ। ਇਸ ਮੰਤਵ

ਲਈ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਮੁੱਦਈਆਂ ਨੂੰ ਆਪਣੀ ਸਿਰਜਣਾਤਮਕ ਭੂਮਿਕਾ ਨਿਭਾਉਣੀ ਪਵੇਗੀ। ਵਿਸ਼ਵੀਕਰਣ ਦੇ ਝਖੜ ਵਿਚ ਜੜ੍ਹੋਂ ਉਖੜਦੀ ਜਾ ਰਹੀ ਸਥਾਨਕਤਾ ਆਪਣੇ ਆਪ ਨਹੀਂ ਬਚੇਗੀ, ਇਸਨੂੰ ਬਚਾਉਣਾ ਪਵੇਗਾ। ਇਹ ਜ਼ਿੰਮੇਵਾਰੀ ਸਾਹਿਤਕਾਰਾਂ ਦੀ ਵੀ ਹੈ ਅਤੇ ਆਲੋਚਕਾਂ ਦੀ ਵੀ। ਸਾਡੀ ਖ਼ੁਸ਼-ਕਿਸਮਤੀ ਹੈ ਕਿ ਸਾਡੇ ਪਾਸ ਕਲਾਸੀਕਲ ਅਤੇ ਮੱਧਕਾਲੀਨ ਦੌਰ ਦਾ ਅਮੀਰ ਗਿਆਨ-ਸ਼ਾਸਤਰੀ ਵਿਰਸਾ ਹੈ ਜਿਸਨੇ ਸਾਡੀ ਜੀਵਨ-ਜਾਚ ਦੇ ਨੈਣ-ਨਕਸ਼ ਘੜੇ ਹਨ। ਇਹ ਵਿਰਸਾ ਵਰਤਮਾਨ ਨਾਲ ਸੰਵਾਦ ਰਚਾਉਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਲੋੜ ਇਸਦੀ ਨਵੇਂ ਸਿਰਿਓਂ ਪੁਨਰ-ਵਿਆਖਿਆ ਦੀ ਹੈ ਤਾਂ ਜੋ ਇਸਨੂੰ ਸਮੇਂ ਦੇ ਹਾਣ ਦਾ ਬਣਾਇਆ ਜਾ ਸਕੇ।